Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 19 *Issue 13 Wednesday, January 22, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

TOP 4% TREB REALTOR 2018 "Believe In The Best"
Buy With $0 Down Program ROYAL CANADIAN REALTY, BROKERAGE
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com

# ਨਵੀਂ ਨਾਫਟਾ ਡੀਲ ਦੇ ਰਾਹ 'ਚ ਅੜਿੱਕਾ ਡਾਹੇਗੀ ਬਲਾਕ ਕਿਊਬਿਕੁਆ?

ਮਾਂਟਰੀਅਲ, 21 ਜਨਵਰੀ (ਪੋਸਟ ਬਿਊਰੋ) : ਇਕ ਪਾਸੇ ਜਿੱਥੇ ਕੈਨੇਡਾ, ਅਮਰੀਕਾ ਤੇ ਮੈਕਸਿਕੋ ਦਰਮਿਆਨ ਨਵੀਂ ਨਾਫਟਾ ਡੀਲ ਨੂੰ ਸਿਰੇ ਚੜ੍ਹਾਉਣ ਵਿੱਚ ਲਿਬਰਲ ਸਰਕਾਰ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਉੱਥੇ ਹੀ ਬਲਾਕ ਕਿਊਬਿਕੁਆ ਨੇ ਇਸ ਡੀਲ ਨੂੰ ਜਲਦ ਸਿਰੇ ਨਾ ਚੜ੍ਹਨ ਦੇਣ ਦਾ ਤਹੱਈਆ ਪ੍ਰਗਟਾਇਆ ਹੈ।




ਮੰਗਲਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਹ ਨੌਰਥ ਅਮੈਰੀਕਨ ਫਰੀ ਟਰੇਡ ਅਗਰੀਮੈਂਟ ਦੇ ਅਪਡੇਟ ਕੀਤੇ ਸੰਸਕਰਣ ਨੂੰ ਜਲਦ ਤੋਂ ਜਲਦ ਮਨਜ਼ੂਰੀ ਦੇਣੀ ਚਾਹੁੰਦੇ ਹਨ। ਇਸ ਲਈ ਉਨ੍ਹਾਂ ਵੱਲੋਂ ਅਗਲੇ ਹਫਤੇ ਇਸ ਦੀ ਪੁਸ਼ਟੀ ਕਰਨ ਲਈ ਮਤਾ ਪਾਰਲੀਆਮੈਂਟ ਵਿੱਚ ਪੇਸ਼ ਕੀਤਾ ਜਾਵੇਗਾ। ਪਰ ਬਲਾਕ ਕਿਊਬਿਕੁਆ ਦੇ ਆਗੂ ਯਵੇਸ ਫਰੈਂਕੌਇਸ ਨੇ ਮੰਗਲਵਾਰ ਨੂੰ ਮਾਂਟਰੀਅਲ ਵਿੱਚ ਕਾਕਸ ਦੀ ਹੋਈ ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਨ੍ਹਾਂ ਦੀ ਪਾਰਟੀ ਇਸ ਡੀਲ ਨੂੰ ਤੇਜ਼ੀ ਨਾਲ ਸਿਰੇ ਚੜ੍ਹਾਉਣ ਦੇ ਹੱਕ ਵਿੱਚ ਨਹੀਂ ਹੈ। ਉਨ੍ਹਾਂ ਆਖਿਆ ਕਿ ਬਲਾਕ ਚਾਹੁੰਦਾ ਹੈ ਕਿ ਇਸ ਸਮਝੌਤੇ ਦੇ ਸਾਰੇ ਟੈਕਸਟ ਦਾ ਅਧਿਐਨ ਕਮੇਟੀ ਵੱਲੋਂ ਕੀਤਾ ਜਾਵੇ ਤੇ ਹਾਊਸ ਆਫ ਕਾਮਨਜ਼ ਵਿੱਚ ਇਸ ਉੱਤੇ ਬਹਿਸ ਹੋਵੇ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਪਤਨੀ ਦਾ ਕਤਲ ਕਰਨ ਦੇ ਮਾਮਲੇ ਵਿੱਚ ਲੋੜੀਂਦਾ ਵਿਅਕਤੀ ਮ੍ਰਿਤਕ ਪਾਇਆ ਗਿਆ

ਪੰਨਾ 03

ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਬਿਨਾਂ ਸਾਰੇ ਅਹੁਦੇਦਾਰ ਖਾਰਜ ਕੀਤੇ ਗਏ, ਸੂਬਾ ਕਮੇਟੀ ਭੰਗ

ਪੰਨਾ 04

ਬਿਜਲੀ ਮੁੱਦੇ ਉੱਤੇ ਕੈਬਨਿਟ ਮੰਤਰੀ ਰੰਧਾਵਾ ਵੱਲੋਂ ਅਕਾਲੀ ਦਲ ਉੱਤੇ ਤਿੱਖਾ ਹਮਲਾ

ਪੰਨਾ 13

ਪ੍ਰਤਿਭਾ ਹੈ ਤਾਂ ਕੰਮ ਮਿਲੇਗਾ : ਹਿਨਾ ਖਾਨ

ਪੰਨਾ 14

## ਗੁਰਦੁਆਰਾ ਪਹਿਲੀ ਪਾਤਸ਼ਾਹੀ, ਚਾਵਲੀ ਮਸ਼ਾਇਖ, ਬੂਰੇਵਾਲਾ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਪਹਿਲੀ ਪਾਤਸ਼ਾਹੀ, ਚਾਵਲੀ ਮਸ਼ਾਇਖ, ਬੂਰੇਵਾਲਾ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।


## ਟੋਰੀ ਲੀਡਰਸ਼ਿਪ ਦੌੜ ਤੋਂ ਪਾਸੇ ਹਟੇ ਚਾਰੈਸਟ



ਓਟਵਾ, 21 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਨੂੰ ਜਾਰੀ ਕੀਤੇ ਗਏ ਇਸ ਬਿਆਨ ਅਨੁਸਾਰ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਹੁਣ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਨਹੀਂ ਲੈਣਗੇ। ਚਾਰੈਸਟ ਨੇ ਆਪਣੇ ਇਸ ਫੈਸਲੇ ਦਾ ਕਾਰਨ ਦੱਸਦਿਆਂ ਆਖਿਆ ਕਿ 1998 ਵਿੱਚ ਜਦੋਂ ਉਨ੍ਹਾਂ ਪਾਰਟੀ ਛੱਡੀ ਸੀ ਉਦੋਂ ਤੋਂ ਲੈ ਕੇ ਹੁਣ ਤੱਕ ਕੰਜ਼ਰਵੇਟਿਵ ਪਾਰਟੀ ਵਿੱਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਹੋਈਆਂ ਹਨ ਤੇ ਲੀਡਰਸ਼ਿਪ ਦੌੜ ਦੇ ਨਿਯਮ ਵੀ ਕਾਫੀ ਸਖ਼ਤ ਹੋ ਗਏ ਹਨ।

...ਬਾਕੀ ਪੰਨਾ 6 'ਤੇ

## ਬਚਾਅ ਪੱਖ ਦੇ ਵਕੀਲਾਂ ਦੀ ਦਲੀਲ : ਮੈਂਗ ਖਿਲਾਫ ਲਾਏ ਦੋਸ਼ ਕੈਨੇਡਾ ਵਿੱਚ ਨਹੀਂ ਮੰਨੇ ਜਾਂਦੇ ਫਰਾਡ



ਵੈਨਕੂਵਰ, 21 ਜਨਵਰੀ (ਪੋਸਟ ਬਿਊਰੋ) : ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਦੇ ਵਕੀਲ ਨੇ ਆਖਿਆ ਕਿ ਉਸ ਦੀ ਮੁਵੱਕਿਲ ਨੂੰ ਫਰਾਡ ਸਬੰਧੀ ਚਾਰਜਿਜ਼ ਦਾ ਸਾਹਮਣਾ ਕਰਨ ਲਈ ਅਮਰੀਕਾ ਹਵਾਲੇ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਇਸ ਤਰ੍ਹਾਂ ਦੇ ਕਸੂਰ ਨੂੰ ਕੈਨੇਡਾ ਵਿੱਚ ਫਰਾਡ ਨਹੀਂ ਮੰਨਿਆ ਜਾਂਦਾ।

...ਬਾਕੀ ਪੰਨਾ 6 'ਤੇ

Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance · Critical illness Ins · Travel & Visitor Ins · RESP & TFSA & RRSP
Super Visa Insurance · Mortgage Insurance · Disability Insurance · Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance · Life & Disability · Critical illness · RESP · Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration · Real Estate / Commercial Law · Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ ANGLECON CONSTRUCTION
Fully Insured | Team of licensed trades | Quality work & on-time insured
RESIDENTIAL: • ਕਸਟਮ ਮੇਡ ਘਰ • ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ • ਲੀਗਲ ਬੈਸਮੈਂਟ
COMMERCIAL: • New store design & build • Lease hold Improvements • Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

Home Address Signs $40 OFF ONLY THIS WEEK
289.981.8187

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ 905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance · Life /Mortgage/Funeral Insurance · Disability Insurance · Critical Illness Insurance · RESP /RRSP
www.ufsinsurance.com
JATINDERBIR S BAJWA Insurance Broker Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate · Commercial Lease · Business Purchase & Sale · Notarizations & Affidavits · Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre · AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets · Completly Furnished Legal Basement · Painting & Flooring
Jaswant Sehmbi: 647.524.0885

PROTECT YOUR HOME FROM PESTS Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance •Visitor Visa Insurance •Travel Insurance •Student Insurance •New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker · Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration · Family Law · Corporate · Real Estate · Business Closing · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law · Wills & Estates · Power of Attorney · Affidavits Notarization & Declaration · Business Law · Family Law · Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL SPECIAL FARES TO DELHI & AMRITSAR | LAST MINUTE DEALS AVAILABLE



ਅਮਨ ਟਰੈਵਲ

Gaurav Gupta

905.796.3535

ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ



TICO # 50022741

or Visit us at: 218 Kingknoll Dr., Brampton, ON L6Y 4X4


# ਪਤਨੀ ਦਾ ਕਤਲ ਕਰਨ ਦੇ ਮਾਮਲੇ ਵਿੱਚ ਲੋੜੀਂਦਾ ਵਿਅਕਤੀ ਮ੍ਰਿਤਕ ਪਾਇਆ ਗਿਆ



ਟੋਰਾਂਟੋ, 21 ਜਨਵਰੀ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਆਪਣੀ ਪਹਿਲੀ ਪਤਨੀ ਦਾ ਕਤਲ ਕਰਨ ਦੇ ਸ਼ੱਕ ਵਿੱਚ ਜਿਸ ਵਿਅਕਤੀ ਦੀ ਭਾਲ ਕੀਤੀ ਜਾ ਰਹੀ ਸੀ ਉਹ ਟੋਰਾਂਟੋ ਵਿੱਚ ਮ੍ਰਿਤਕ ਪਾਇਆ ਗਿਆ। 36 ਸਾਲਾ ਰਾਕੇਸ਼ਭਾਈ ਪਟੇਲ ਦੀ ਲਾਸ਼ ਸ਼ੁੱਕਰਵਾਰ ਨੂੰ ਮਿਲੀ। ਇਸ ਦੀ ਪੁਸ਼ਟੀ ਪੁਲਿਸ ਵੱਲੋਂ ਕੀਤੀ ਗਈ। ਆਪਣੀ ਪਹਿਲੀ ਪਤਨੀ 28 ਸਾਲਾ ਹੀਰਲ ਪਟੇਲ ਦੇ ਕਤਲ ਦੇ ਸਬੰਧ ਵਿੱਚ ਰਾਕੇਸ਼ਭਾਈ ਪਟੇਲ ਫਰਸਟ ਡਿਗਰੀ ਮਰਡਰ ਦੇ ਸਬੰਧ ਵਿੱਚ ਵਾਂਟਿਡ ਸੀ। ਹੀਰਲ ਦੀ ਲਾਸ਼ 13 ਜਨਵਰੀ, 2020 ਨੂੰ ਬਰੈਂਪਟਨ ਵਿੱਚ ਕੁਈਨ ਸਟਰੀਟ ਤੇ ਹਾਈਵੇਅ 50 ਨੇੜੇ ਨੈਕਸਸ ਐਵਨਿਊ ਵਿੱਚ ਗ੍ਰੀਨ ਸਪੇਸ ਉੱਤੇ ਮਿਲੀ ਸੀ। ਪੁਲਿਸ ਨੇ ਦੱਸਿਆ ਕਿ ਰਾਕੇਸ਼ਭਾਈ ਪਟੇਲ ਦੀ ਮੌਤ ਦੀ ਜਾਂਚ ਅਜੇ ਤੱਕ ਸ਼ੁਰੂ ਨਹੀਂ ਕੀਤੀ ਗਈ ਹੈ।


REXDALE FINANCIAL SERVICES
WE HELP YOU START, GROW AND SUCCEED

We bring Canada's leading lenders to you The Mortgage Centre Lic# 10584

I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated

Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!

- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

Increase Your Cash Flow by up to 50%

YOU NEED A MORTGAGE? WE'LL ARANGE IT FOR YOU NO MATTER WHAT YOUR REASON IS!

Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5

Jaspal Singh Gahunia #M08006400
416.677.0047


# ਅਕਾਲੀਆਂ ਤੋਂ ਬਾਅਦ ਦੁਸ਼ਯੰਤ ਚੌਟਾਲਾ ਵੀ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਭੱਜ ਨਿਕਲਿਆ



ਚੰਡੀਗੜ੍ਹ, 21 ਜਨਵਰੀ, (ਪੋਸਟ ਬਿਊਰੋ)- ਹਰਿਆਣਾ ਦੀ ਜਨਨਾਇਕ ਜਨਤਾ ਪਾਰਟੀ (ਜੇ ਜੇ ਪੀ) ਨੇ ਦਿੱਲੀ ਅਸੈਂਬਲੀ ਦੀਆਂ ਚੋਣਾਂ ਨਾ ਲੜਨ ਦਾ ਫੈਸਲਾ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਸੰਦੀਦਾ ਚੋਣ ਨਿਸ਼ਾਨ ਨਾ ਮਿਲਣ ਉੱਤੇ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚੋਂ ਪਾਸੇ ਹਟ ਜਾਣ ਦਾ ਫੈਸਲਾ ਲਿਆ ਹੈ।

ਜੇ ਜੇ ਪੀ ਦੇ ਸੀਨੀਅਰ ਨੇਤਾ ਅਤੇ ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਚੋਣ ਕਮਿਸ਼ਨ ਨੇ ਮਾਨਤਾ ਦੇ ਦਿੱਤੀ ਹੈ, ਪਰ ਪਸੰਦ ਦਾ ਚੋਣ ਨਿਸ਼ਾਨ ਨਹੀਂ ਦਿੱਤਾ। ਇਸ ਕਾਰਨ ਉਨ੍ਹਾਂ ਨੇ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਧਾਨ ਸਭਾ ਚੋਣਾਂ ਲਈ 'ਚਾਬੀ' ਚੋਣ ਨਿਸ਼ਾਨ ਮੰਗਿਆ ਸੀ, ਪਰ ਇਸ ਨੂੰ ਕਿਸੇ ਹੋਰ ਦਲ ਨੇ ਪਹਿਲਾਂ ਰਿਜ਼ਰਵ ਕਰਵਾ ਲਿਆ। ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਅਸੀਂ ਬੀਤੇ ਸੋਮਵਾਰ ਚੋਣ ਕਮਿਸ਼ਨ ਨੂੰ ਮਿਲੇ ਅਤੇ ਚਾਬੀ ਦੀ ਥਾਂ ਦਿੱਲੀ ਵਿਧਾਨ ਸਭਾ ਚੋਣਾਂ ਲਈ 'ਚੱਪਲ' ਜਾਂ 'ਕੱਪ-ਪਲੇਟ' ਚੋਣ ਨਿਸ਼ਾਨ ਦੇਣ ਦੀ ਬੇਨਤੀ ਕੀਤੀ ਸੀ, ਪਰ ਇਹ ਵੀ ਹੋਰ ਦਲਾਂ ਨੇ ਰਿਜ਼ਰਵ ਕਰਵਾ ਲਏ ਹਨ।

ਇਸ ਮੌਕੇ ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਪਾਰਟੀ ਕਾਰਜਕਾਰਨੀ ਨੇ ਪਾਰਟੀ ਦੇ ਮੁਖੀ ਅਜੇ ਸਿੰਘ ਚੌਟਾਲਾ ਨਾਲ ਸਲਾਹ ਕਰਨ ਪਿੱਛੋਂ ਇਨ੍ਹਾਂ ਹਲਾਤ ਵਿੱਚ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਹਟਣ ਦਾ ਫੈਸਲਾ ਲਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਦੇ ਨਵੇਂ ਪ੍ਰਧਾਨ ਜਗਤ ਪ੍ਰਕਾਸ਼ ਨੱਢਾ ਨੇ ਉਨ੍ਹਾਂ ਨਾਲ ਦੋ ਵਾਰ ਸੰਪਰਕ ਕਰ ਕੇ ਹਰਿਆਣਾ ਵਾਂਗ ਦਿੱਲੀ ਵਿੱਚ ਵੀ ਦੋਵਾਂ ਦਲਾਂ ਦੇ ਗਠਜੋੜ ਕਰਨ ਅਤੇ ਉਨ੍ਹਾਂ ਤਾਕਤਾਂ ਨੂੰ ਮੂੰਹ-ਤੋੜ ਜਵਾਬ ਦੇਣ ਦੀ ਗੱਲ ਕਹੀ ਹੈ, ਜੋ ਨਾਗਰਿਕਤਾ ਸੋਧ ਕਾਨੂੰਨ ਅਤੇ ਐੱਨ ਆਰ ਸੀ ਦੇ ਬਹਾਨੇ ਦਿੱਲੀ ਦਾ ਨੁਕਸਾਨ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਾਰਟੀ ਭਾਜਪਾ ਦੀ ਮੰਗ ਉੱਤੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਉਸ ਦੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰਨ ਜਾਵੇਗੀ।


ShergGill Law Firm

Barrister, Solicitor & Notary Public

Paramjit Singh Gill (MBA,LL.B.)
Tel: 905-790-3636

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

2565 Steeles Ave E Unit #20, Brampton, ON L6T 4L6



Emergency Contact: 416.910.5676
www.shergilllawfirm.ca





MISSISSAUGA BRAMPTON

AFFORDABLE LIVING

CAMBRIDGE KITCHENER WATERLOO



Separate Entrance Basement

DOON SOUTH - KITCHENER
" 4 BEDROOM HOME"
SEPARATE ENTRANCE TO BASEMENT

Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contempory floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
**Call Joseph today 519-575-2777**



IN - LAW SUITE

"LUXURIOUS - LARGE CUSTOM
2 STORY IN - LAW SUIT
FINISHED WALK OUT BASEMENT"

Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7'' baseboards ad large casings, the 9'' main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. **Call Joseph today 519-575-2777**



IN - LAW SUITE

"BEAUTIFUL BUNGALOW
3/4 ACRE LOT
IN-LAW SUITE"

1700 sqft Bungalow sitting on almost 3/4 of an acre beside kitchener. Minutes to 401. This bungalow has 3+1 bedrooms with a in law suite in basement that is a full basement walk out. The double door foyer is warm and inviting to enter th house. Upon entering is the former dining room plus former living room with the gas fireplace. Then you will enter the kitchen which is open to the 4 season sunroom with gas fireplace. This sunroom looks upon the conservation/ green space behind the home. 3 bedroom + 3 bathrooms home. No neighbours behind just trees. 3 bedrooms + 3 bathrooms on main floor plus laundry. In the basement is in- law suite with 2nd kitchen, 2 bedrooms, large family room with wet bar. Double attached garage plus a double detached garage and drive way holds 12 cars. Incredible views and beautiful lot. Great for large or multiple families.Asking $899,000.
**Call Joseph today 519-575-2777**

IN - LAW SUITE 2018

Gated Executive Community
Large Custom Built Bungalow



"EXECUTIVE LARGE
FAMILY HOME
IN-LAW SUITE"

This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000.**Call Joseph today 519-575-2777**



Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com

#1 REALTOR TOP INDIVIDUAL SALES CAMBRIDGE 2018

RE/MAX Real Estate Centre, Brokerage
Cambridge 519-623-6200
Kitchener 519-741-0950

RE/MAX Lifetime Achievement Award · RE/MAX Hall of Fame · RE/MAX Chairman's Club · RE/MAX 100 Percent Club · RE/MAX Platinum Award
Awards earned From 2000-2018

**Testimonials**

1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener

2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ


(22 ਜਨਵਰੀ ਨੂੰ 'ਅੱਜ-ਨਾਮਾ' ਅਠਾਰਵੇਂ ਸਾਲ ਵਿੱਚ ਦਾਖਲ)

ਗੁਜ਼ਰੇ ਦਿਵਸ, ਮਹੀਨੇ ਵੀ ਬੜੇ ਗੁਜ਼ਰੇ,
ਗਏ ਸੀ ਗੁਜ਼ਰਦੇ ਇੰਜ ਹੀ ਸਾਲ ਬੇਲੀ।
ਕਦੀ ਸਮਾਂ ਦੁੜੰਗੇ ਜਿਹੇ ਰਿਹਾ ਲਾਉਂਦਾ,
ਚੱਲਦਾ ਕਦੇ ਰਿਹਾ ਕੱਛੂ ਦੀ ਚਾਲ ਬੇਲੀ।
ਕਦੀ ਕਿਸੇ ਨੂੰ ਗੁੱਝੀ ਜਿਹੀ ਮਾਰ ਮਾਰੀ,
ਕਦੀ ਵੱਜੀ ਵੀ ਦੇਂਦਾ ਰਿਹਾ ਟਾਲ ਬੇਲੀ।
ਏਨਾ ਵਕਤ ਗੁਜ਼ਾਰ ਗਿਆ ਅੱਜ-ਨਾਮਾ,
ਨਿਭਦਾ ਗਿਆ ਸੀ ਸਮੇਂ ਦੇ ਨਾਲ ਬੇਲੀ।
ਕਰਦਾ ਰਿਹਾ ਇਹ ਸੇਵਾ ਪੰਜਾਬੀਆਂ ਦੀ,
ਪਹੁੰਚ ਅਠ੍ਹਾਰਵੇਂ ਵਰ੍ਹੇ ਤੱਕ ਗਿਆ ਬੇਲੀ।
ਲੱਗਦਾ ਪੂਣੀ ਨਾ ਗੋਹੜੇ 'ਚੋਂ ਗਈ ਕੱਤੀ,
ਮੂਹਰੇ ਕੰਮ ਦਾ ਛਿੱਕੂ ਜਿਹਾ ਪਿਆ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਬਿਨਾਂ ਸਾਰੇ ਅਹੁਦੇਦਾਰ ਖਾਰਜ ਕੀਤੇ ਗਏ, ਸੂਬਾ ਕਮੇਟੀ ਭੰਗ

### * ਸੁਨੀਲ ਜਾਖੜ ਦੀ ਸਿਫ਼ਾਰਸ਼ ਉੱਤੇ ਹਾਈ ਕਮਾਨ ਦਾ ਫ਼ੈਸਲਾ

ਚੰਡੀਗੜ੍ਹ, 21 ਜਨਵਰੀ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਹਾਈ ਕਮਾਨ ਨੇ ਪੰਜਾਬ ਸਰਕਾਰ ਨੂੰ ਚੁਸਤ-ਦਰੁਸਤ ਕਰਨ ਦੀ ਕੋਸ਼ਿਸ਼ ਵਿੱਚ ਪੰਜਾਬ ਕਾਂਗਰਸ ਕਮੇਟੀ ਨੂੰ ਭੰਗ ਕਰ ਦਿੱਤਾ, ਪਰ ਇਸ ਦੇ ਬਾਅਦ ਵੀ ਸੁਨੀਲ ਜਾਖੜ ਪੰਜਾਬ ਦੇ ਪ੍ਰਧਾਨ ਬਣੇ ਰਹਿਣ-ਗੇ। ਬਰਖਾਸਤ ਕੀਤੇ ਅਹੁਦੇਦਾਰ ਕੈਪਟਨ ਅਮਰਿੰਦਰ ਸਿੰਘ ਦੀ ਸੂਬਾ ਪ੍ਰਧਾਨਗੀ ਦੇ ਸਮੇਂ ਵਾਲੇ ਹੀ ਬਣੇ ਹੋਏ ਸਨ। ਸੋਨੀਆ ਗਾਂਧੀ ਨੇ ਸੁਨੀਲ ਜਾਖੜ ਦੇ ਕਹਿਣ ਉੱਤੇ ਸੂਬਾ ਕਮੇਟੀ ਤੋੜੀ ਹੈ। ਪੰਜਾਬ ਕਾਂਗਰਸ ਨੂੰ ਭੰਗ ਕਰਨ ਦਾ ਕਦਮ ਕਾਂਗਰਸ ਹਾਈ ਕਮਾਨ ਨੇ ਓਦੋਂ ਉਠਾਇਆ, ਜਦੋਂ ਇਕ ਦਿਨ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰੀ ਤੇ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦਿੱਲੀ ਜਾ ਕੇ ਸੋਨੀਆ ਗਾਂਧੀ ਨੂੰ ਮਿਲੇ ਸਨ। ਇਸ ਮੀਟਿੰਗ ਵਿੱਚ ਸੁਨੀਲ ਜਾਖੜ ਨੇ ਕਿਹਾ ਸੀ ਕਿ ਸੰਗਠਨ ਵਿੱਚ ਕਈ ਤਰੁੱਟੀਆਂ ਹਨ, ਕਈ ਅਹੁਦੇਦਾਰ ਮੰਤਰੀ ਬਣ ਗਏ ਤੇ ਕਈ ਚੇਅਰਮੈਨ ਬਣ ਚੁੱਕੇ ਹਨ। ਇਸ ਲਈ ਸਾਲ 2022 ਵਿਚ ਚੋਣ ਲੜਨ ਦੀ ਤਿਆਰੀ ਲਈ ਸੰਗਠਨ ਨਵੇਂ ਸਿਰਿਉਂ ਖੜਾ ਕਰਨਾ ਜ਼ਰੂਰੀ ਹੈ। ਉਨ੍ਹਾਂ ਦੀ ਮੰਗ ਮੰਨ ਕੇ ਸੋਨੀਆ ਗਾਂਧੀ ਨੇ ਸੰਗਠਨ ਭੰਗ ਕਰ ਦਿੱਤਾ ਹੈ। ਜਾਖੜ ਨੇ ਇਹ ਸਿਫ਼ਾਰਸ਼ ਲੰਬੀ ਫੀਡਬੈਂਕ ਤੋਂ ਬਾਅਦ ਕੀਤੀ ਹੈ।

ਵਰਨਣ ਯੋਗ ਹੈ ਕਿ ਸਾਲ 2015 ਵਿਚ ਕੈਪਟਨ ਅਮਰਿੰਦਰ ਸਿੰਘ ਜਦੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਸਨ, ਓਦੋਂ ਵੀ ਪੰਜਾਬ ਕਾਂਗਰਸ ਦਾ ਮੁੜ-ਗਠਨ ਹੋਇਆ ਸੀ। ਸੁਨੀਲ ਜਾਖੜ ਦੇ ਅਹੁਦਾ ਸੰਭਾਲਣ ਵੇਲੇ ਤੋਂ ਉਹੀ ਅਹੁਦੇਦਾਰ ਚਲੇ ਆ ਰਹੇ ਸਨ, ਜਿਨ੍ਹਾਂ ਵਿੱਚੋਂ ਸਾਲ 2018 ਵਿੱਚ ਸੁਨੀਲ ਜਾਖੜ ਦੇ ਵਕਤ ਕੁਝ ਜ਼ਿਲ੍ਹਾ ਪ੍ਰਧਾਨ ਹੀ ਬਦਲੇ ਸਨ। ਪਤਾ ਲੱਗਾ ਹੈ ਕਿ ਇਸ ਸਮੇਂ ਪੰਜਾਬ ਦੇ 60 ਉਪ ਪ੍ਰਧਾਨ, 140 ਜਨਰਲ ਸਕੱਤਰ ਤੇ 22 ਪਾਰਟੀ ਦੇ ਬੁਲਾਰੇ ਤੇ ਜ਼ਿਲ੍ਹਾ ਪ੍ਰਧਾਨ ਬਣੇ ਹੋਏ ਸਨ। ਸਾਲ 2017 ਵਿਚ ਵਿਧਾਨ ਸਭਾ ਚੋਣਾਂ ਵੇਲੇ ਪਾਰਟੀ ਨੇ ਅੰਨ੍ਹੇਵਾਹ ਅਹੁਦੇਦਾਰਾਂ ਦੀਆਂ ਚਿੱਠੀਆਂ ਵੰਡੀਆਂ ਸਨ, ਪਰ ਅੱਜ ਪੰਜਾਬ ਕਾਂਗਰਸ ਦੀ ਸਾਰੀ ਫੌਜ ਨੂੰ ਭੰਗ ਕਰ ਦਿੱਤਾ ਗਿਆ ਹੈ।

ਇਸ ਦੌਰਾਨ ਕਾਂਗਰਸ ਹਾਈ ਕਮਾਨ ਨੇ ਰਾਜ ਸਰਕਾਰ ਤੇ ਪੰਜਾਬ ਕਾਂਗਰਸ ਦੇ ਤਾਲਮੇਲ ਲਈ ਬਣੀ 11 ਮੈਂਬਰੀ ਕਮੇਟੀ ਤੇ ਸਰਕਾਰ ਵਿਚਾਲੇ ਦੂਰੀਆਂ ਵਧੀਆਂ ਵੇਖ ਕੇ ਨਵੀਂ 11 ਮੈਂਬਰੀ ਕਮੇਟੀ ਬਣਾ ਦਿੱਤੀ ਹੈ, ਜੋ ਰਾਜ ਸਰਕਾਰ ਅਤੇ ਸੰਗਠਨ ਦਾ ਤਾਲਮੇਲ ਬਣਾਏਗੀ। ਇਸ ਕਮੇਟੀ ਦੀ ਚੇਅਰਪਰਸਨ ਪੰਜਾਬ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰੀ ਹੋਣਗੇ ਅਤੇ ਕਮੇਟੀ ਮੈਂਬਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਪ੍ਰਧਾਨ ਸੁਨੀਲ ਜਾਖੜ, ਆਲ ਇੰਡੀਆ ਦੀ ਜਨਰਲ ਸਕੱਤਰ ਅੰਬਿਕਾ ਸੋਨੀ, ਮੰਤਰੀ ਚਰਨਜੀਤ ਸਿੰਘ ਚੰਨੀ, ਸੁੰਦਰ ਸ਼ਾਮ ਅਰੋੜਾ, ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਵਿਜੈਇੰਦਰ ਸਿੰਗਲਾ, ਕੈਪਟਨ ਸੰਦੀਪ ਸੰਧੂ ਦੇ ਨਾਲ ਵਿਧਾਇਕ ਕੁਲਜੀਤ ਸਿੰਘ ਨਾਗਰਾ ਅਤੇ ਗੁਰਕੀਰਤ ਸਿੰਘ ਕੋਟਲੀ ਸ਼ਾਮਲ ਕੀਤੇ ਗਏ ਹਨ। ਕਾਂਗਰਸ ਨੇ ਚੋਣ ਮਨੋਰਥ ਪੱਤਰ ਵਿਚ ਲੋਕਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਜਾਂਦੇ ਕੰਮਾਂ ਦੀ ਨਿਗਰਾਨੀ ਲਈ ਵੀ ਪੰਜ ਕਮੇਟੀ ਬਣਾਈ ਹੈ, ਜਿਸ ਦੇ ਚੇਅਰਮੈਨ ਸਾਬਕਾ ਕੇਂਦਰੀ ਵਿੱਤ ਮੰਤਰੀ ਪੀ ਚਿਦੰਬਰਮ ਅਤੇ ਇਸ ਵਿਚ ਹਰਿਆਣੇ ਦੀ ਪ੍ਰਧਾਨ ਕੁਮਾਰੀ ਸ਼ੈਲਜਾ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸੂਬਾ ਪ੍ਰਧਾਨ ਸੁਨੀਲ ਜਾਖੜ ਤੇ ਸੂਬਾ ਇੰਚਾਰਜ ਆਸ਼ਾ ਕੁਮਾਰੀ ਸ਼ਾਮਲ ਹੋਣਗੇ।

# ਦਿੱਲੀ ਚੋਣ ਮੈਦਾਨ ਵਿੱਚੋਂ ਬਾਦਲ ਅਕਾਲੀ ਦਲ ਦੇ ਨਿਕਲਣ ਨਾਲ ਘਮਸਾਨ ਛਿੜਿਆ

### * ਅਮਰਿੰਦਰ ਨੇ ਕਿਹਾ: ਕੇਂਦਰ ਤੋਂ ਨਾਤਾ ਤੋੜੋ ਤੇ ਸਪੱਸ਼ਟ ਸਟੈਂਡ ਕਰੋ



### * ਸੁਖਬੀਰ ਨੇ ਕਿਹਾ: ਪੀੜਤ ਸਿੱਖਾਂ ਨੂੰ ਰਾਹਤ ਦੇ ਵਿਰੁੱਧ ਹੈ ਕੈਪਟਨ



### * ਮਨਜੀਤ ਸਿੰਘ ਜੀ ਕੇ ਨੇ ਕਿਹਾ: ਸੀ ਬੀ ਆਈ ਤੋਂ ਡਰੇ ਹਨ ਅਕਾਲੀ



ਚੰਡੀਗੜ੍ਹ, 21 ਜਨਵਰੀ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਦੇ ਮੈਦਾਨ ਤੋਂ ਬਾਦਲ ਅਕਾਲੀ ਦਲ ਦੇ ਅਚਾਨਕ ਨਿਕਲ ਜਾਣ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਸਿਆਸੀ ਤੂਫਾਨ ਆ ਗਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਵੱਲੋਂ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਵਾਲੇ ਮੁੱਦੇ ਉੱਤੇ ਭਾਜਪਾ ਨਾਲ ਮਤਭੇਦਾਂ ਦੇ ਬਹਾਨੇ ਹੇਠ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਨਿਕਲਣ ਦੇ ਦਾਅਵੇ ਨੂੰ ਹਾਸੋਹੀਣਾ ਆਖਿਆ ਹੈ। ਉਨ੍ਹਾਂ ਨੇ ਅਕਾਲੀ ਆਗੂਆਂ ਨੂੰ ਇਸ ਕਾਨੂੰਨ ਬਾਰੇ ਆਪਣੇ ਸਟੈਂਡ ਦੀ ਈਮਾਨਦਾਰੀ ਸਿੱਧ ਕਰਨ ਲਈ ਕੇਂਦਰ ਸਰਕਾਰ ਤੋਂ ਨਾਤਾ ਤੋੜਨ ਦੀ ਚੁਣੌਤੀ ਦਿੱਤੀ ਹੈ, ਕਿਉਂਕਿ ਪਾਸ ਕਰਨ ਵੇਲੇ ਪਾਰਲੀਮੈਂਟ ਦੇ ਦੋਵੇਂ ਹਾਊਸਾਂ ਵਿੱਚ ਅਕਾਲੀ ਦਲ ਨੇ ਇਸ ਬਿੱਲ ਦਾ ਸਮਰਥਨ ਕੀਤਾ ਸੀ। ਅਮਰਿੰਦਰ ਸਿੰਘ ਨੇ ਕਿਹਾ, 'ਤੁਸੀਂ ਸਿੱਧਾ ਅਤੇ ਸਾਫ ਫ਼ੈਸਲਾ ਲੈ ਕੇ ਲੋਕਾਂ ਨੂੰ ਇਹ ਕਿਉਂ ਨਹੀਂ ਦੱਸਦੇ ਕਿ ਤੁਸੀਂ ਇਸ ਕਾਨੂੰਨ ਦੇ ਖ਼ਿਲਾਫ਼ ਸੱਚਮੁੱਚ ਹੋ।' ਉਨ੍ਹਾਂ ਕੇਂਦਰ ਵਿੱਚ ਅਕਾਲੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਇਸ ਕਾਨੂੰਨ ਵਿਰੁੱਧ ਸਟੈਂਡ ਅਸਤੀਫਾ ਦੇਣ ਲਈ ਵੀ ਕਿਹਾ ਹੈ। ਮੁੱਖ ਮੰਤਰੀ ਨੇ ਅਕਾਲੀਆਂ ਤੋਂ ਪੁੱਛਿਆ, 'ਜੇ ਇਹ ਕਾਨੂੰਨ ਮੁਸਲਿਮ ਵਿਰੋਧੀ ਸੀ ਤਾਂ ਰਾਜ ਸਭਾ ਤੇ ਲੋਕ ਸਭਾ ਵਿੱਚ ਇਸ ਦੀ ਹਮਾਇਤ ਕਿਉਂ ਕੀਤੀ ਸੀ?'

ਦੂਸਰੇ ਪਾਸੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਸਪੱਸ਼ਟ ਕਰਨ ਲਈ ਕਿਹਾ ਕਿ ਕੀ ਉਹ ਨਾਗਰਿਕਤਾ ਸੋਧ ਕਾਨੂੰਨ ਹੇਠ ਪੀੜਤ ਸਿੱਖਾਂ ਨੂੰ ਮਿਲਣ ਜਾ ਰਹੀ ਰਾਹਤ ਖ਼ਤਮ ਕਰਵਾਉਣ ਲਈ ਸਾਰੇ ਕਾਨੂੰਨ ਨੂੰ ਰੱਦ ਕਰਾਉਣ ਦੀ ਲੜਾਈ ਲੜ ਰਹੇ ਹਨ ? ਛੋਟੇ ਬਾਦਲ ਨੇ ਕਿਹਾ ਕਿ ਏਦਾਂ ਕਰ ਕੇ ਕੈਪਟਨ ਅਮਰਿੰਦਰ ਸਿੰਘ ਕਾਂ-ਗਰਸ ਦਾ ਸਿੱਖ ਵਿਰੋਧੀ ਏਜੰਡਾ ਪੂਰਾ ਕਰ ਰਹੇ ਹਨ। ਜੇ ਕੈਪਟਨ ਅਮਰਿੰਦਰ ਪਾਕਿਸਤਾਨ ਤੇ ਅਫ਼ਗਾਨਿਸਤਾਨ ਦੇ ਪੀੜਤ ਸਿੱਖਾਂ ਨੂੰ ਰਾਹਤ ਦੇਣ ਬਾਰੇ ਗੰਭੀਰ ਹਨ ਤਾਂ ਉਨ੍ਹਾਂ ਨੂੰ ਅਕਾਲੀ ਦਲ ਦੀ ਇਸ ਕਾਨੂੰਨ ਵਿਚ ਮੁਸਲਮਾਨਾਂ ਨੂੰ ਸ਼ਾਮਲ ਕਰਨ ਦੀ ਮੰਗ ਲਈ ਸਾਥ ਦੇਣਾ ਚਾਹੀਦਾ ਹੈ। ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਆਪਣੇ ਸਟੈਂਡ ਉੱਤੇ ਦ੍ਰਿੜ੍ਹ ਹਨ ਤੇ ਇਸੇ ਲਈ ਸਟੈਂਡ ਛੱਡਣ ਦੀ ਥਾਂ ਦਿੱਲੀ ਚੋਣਾਂ ਵਿੱਚੋਂ ਨਿਕਲੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਮੁਸਲਮਾਨਾਂ ਨੂੰ ਇਸ ਕਾਨੂੰਨ ਦੇ ਘੇਰੇ ਵਿਚ ਸ਼ਾਮਲ ਕਰਵਾਉਣ ਦੀ ਲੜਾਈ ਜਾਰੀ ਰੱਖੇਗਾ ਤੇ ਇਸ ਦੇ ਲਈ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਕੇਂਦਰ ਵਿਚਲੇ ਰਸੂਖ ਦੀ ਵਰਤੋਂ ਕਰੇਗਾ।

ਓਧਰ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਦੀ ਤਰੇੜ ਬਾਰੇ ਅਕਾਲੀ ਆਗੂਆਂ ਵੱਲੋਂ ਦਿੱਤੀ ਸਫ਼ਾਈ ਨੂੰ ਦੋਗਲੇਪਣ ਕਿਹਾ ਹੈ। ਉਸ ਨੇ ਕਿਹਾ ਕਿ ਬੇਸ਼ੱਕ ਇਹ ਭਾਜਪਾ ਤੇ ਅਕਾਲੀ ਦਲ ਦਾ ਮਾਮਲਾ ਹੈ, ਪਰ ਸੁਖਬੀਰ ਸਿੰਘ ਬਾਦਲ ਨੇ ਨਾਗਰਿਕਤਾ ਸੋਧ ਕਾਨੂੰਨ ਦੇ ਹਵਾਲੇ ਨਾਲ ਜਿਹੜੀ ਸਫ਼ਾਈ ਦਿੱਤੀ ਹੈ, ਉਹ ਸੱਚਾਈ ਤੋਂ ਦੂਰ ਹੈ। ਅਸਲ ਵਿੱਚ ਹਰਸਿਮਰਤ ਕੌਰ ਬਾਦਲ ਦੀ ਵਜ਼ੀਰੀ ਬਚਾਉਣ ਲਈ ਅਕਾਲੀ ਦਲ ਦਿੱਲੀ ਦੀਆਂ ਚੋਣਾਂ ਤੋਂ ਪਿੱਛੇ ਹਟਿਆ ਹੈ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨੇ ਇਸ ਵਿਵਾਦਤ ਕਾਨੂੰਨ ਦੇ ਹੱਕ ਵਿੱਚ ਵੋਟਾਂ ਪਾਈਆਂ ਸਨ।

ਇਸ ਦੌਰਾਨ ਦਿੱਲੀ ਦੀ 'ਜਾਗੋ ਪਾਰਟੀ' ਦੇ ਆਗੂ ਮਨਜੀਤ ਸਿੰਘ ਜੀ ਕੇ ਨੇ ਦਿੱਲੀ ਚੋਣਾਂ ਵਿੱਚੋਂ ਅਕਾਲੀ ਦਲ ਦੇ ਭੱਜਣ ਨੂੰ ਭਾਜਪਾ ਕੋਲੋਂ ਸੀਟਾਂ ਨਾ ਛੁਡਵਾ ਸਕਣ ਦੀ ਸੁਖਬੀਰ ਸਿੰਘ ਬਾਦਲ ਦੇ ਸਲਾਹਕਾਰਾਂ ਦੀ ਅਸਫਲਤਾ ਕਿਹਾ ਹੈ। ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਪਿਛਲੇ ਸਾਲ ਦੌਰਾਨ ਦਿੱਲੀ ਦਾ ਅਕਾਲੀ ਦਲ ਅਰਸ਼ ਤੋਂ ਫਰਸ਼ ਉੱਤੇ ਆ ਡਿੱਗਾ ਹੈ, ਜਿਸ ਦਾ ਵੱਡਾ ਕਾਰਨ ਦਲ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਿੱਲੀ ਵਿਚਲੇ ਅਕਾਲੀ ਆਗੂਆਂ ਨਾਲ ਸਿੱਧੇ ਮੂੰਹ ਗੱਲ ਵੀ ਨਹੀਂ ਕਰਦੀ। ਇਸ ਮੌਕੇ ਮਨਜੀਤ ਸਿੰਘ ਜੀ ਕੇ ਨੇ ਦਾਅਵਾ ਕੀਤਾ ਕਿ ਦਿੱਲੀ ਵਿੱਚ ਅਕਾਲੀ ਦਲ ਦੇ ਵਿਧਾਨ ਸਭਾ ਦੀਆਂ ਚੋਣਾਂ ਨਾ ਲੜਨ ਦੇ ਐਲਾਨ ਦਾ ਕਾਰਨ ਕੋਈ ਵਿਵਾਦਤ ਕਾਨੂੰਨ ਨਹੀਂ, ਸੀ ਬੀ ਆਈ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਗੋਲੀ ਕਾਂਡ ਅਤੇ ਡਰੱਗ ਰੈਕੇਟ ਤੱਕ ਦੀਆਂ ਫਾਈਲਾਂ ਇਨ੍ਹਾਂ ਏਜੰਸੀਆਂ ਦੀ ਜਾਂਚ ਹੇਠ ਹਨ। ਉਨ੍ਹਾਂ ਕਿਹਾ ਕਿ ਕੱਲ੍ਹ ਤੱਕ ਸੜਕਾਂ ਉੱਤੇ ਆ ਕੇ ਨਾਗਰਿਕਤਾ ਸੋਧ ਕਾਨੂੰਨ ਦਾ ਸਮਰਥਨ ਕਰਨ ਵਾਲੇ ਅਕਾਲੀਆਂ ਨੂੰ ਰਾਤੋ-ਰਾਤ ਮੁਸਲਮਾਨ ਕਿਵੇਂ ਯਾਦ ਆ ਗਏ?

ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਅਕਾਲੀ ਦਲ ਨੇ ਦਿੱਲੀ ਚੋਣ ਕਮਿਸ਼ਨ ਨੂੰ ਆਪਣੇ ਸਟਾਰ ਪ੍ਰਚਾਰਕਾਂ ਦੀ ਸੂਚੀ ਭੇਜ ਦਿੱਤੀ ਸੀ ਤੇ ਅੱਜ ਉਹ ਕਹਿੰਦੇ ਹਨ ਕਿ ਅਕਾਲੀ ਦਲ ਨੇ ਚੋਣ ਲੜਨ ਦੀ ਕਦੇ ਗੱਲ ਹੀ ਨਹੀਂ ਕਹੀ। ਉਨ੍ਹਾਂ ਪੁੱਛਿਆ ਕਿ ਜੇ ਅਕਾਲੀ ਦਲ ਦੀ ਚੋਣਾਂ ਲੜਨ ਦੀ ਕੋਈ ਗੱਲ ਨਹੀਂ ਸੀ ਤਾਂ ਮਨਜਿੰਦਰ ਸਿੰਘ ਸਿਰਸਾ ਰੋਜ਼ ਰਾਜੌਰੀ ਗਾਰਡਨ ਵਿੱਚ ਚੋਣ ਪ੍ਰਚਾਰ ਦੀ ਫੋਟੋ ਫੇਸਬੁਕ ਉੱਤੇ ਕਿਉਂ ਪਾ ਰਹੇ ਸਨ ਅਤੇ ਅਕਾਲੀ ਦਲ ਨੇ ਭਾਜਪਾ ਦੇ ਨਾਲ ਤਾਲਮੇਲ ਲਈ ਆਪਣੇ 3 ਪਾਰਲੀਮੈਂਟ ਮੈਂਬਰਾਂ ਦੀ ਚੋਣ ਕਮੇਟੀ ਕਿਉਂ ਬਣਾਈ ਸੀ?

## ਕੇਜਰੀਵਾਲ ਨੂੰ ਨਾਮਜ਼ਦਗੀ ਭਰਨ ਲਈ 6 ਘੰਟੇ ਉਡੀਕਣਾ ਪਿਆ

### * ਦੇਰੀ ਲਈ ਵਿਰੋਧੀਆਂ ਉੱਤੇ ਸਾਜ਼ਿਸ਼ ਦਾ ਦੋਸ਼ ਲਾਇਆ



ਨਵੀਂ ਦਿੱਲੀ, 21 ਜਨਵਰੀ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਨਵੀਂ ਦਿੱਲੀ ਸੀਟ ਤੋਂ ਆਪਣਾ ਨਾਮਜ਼ਦਗੀ ਪੱਤਰ ਪੇਸ਼ ਕੀਤਾ ਹੈ। ਇਸ ਦੇ ਲਈ ਉਹਨਾਂ ਨੂੰ ਰਿਟਰਨਿੰਗ ਅਫਸਰ ਦੇ ਦਫਤਰ ਅੱਗੇ ਕਰੀਬ ਛੇ ਘੰਟੇ ਉਡੀਕ ਕਰਨੀ ਪਈ। ਆਮ ਆਦਮੀ ਪਾਰਟੀ ਨੇ ਇਸ ਦੇ ਪਿੱਛੇ ਇੱਕ ਸਾਜਿਸ਼ ਦੀ ਗੱਲ ਕਹੀ ਤੇ ਪੁੱਛਿਆ ਹੈ ਕਿ ਕੀ ਅਸੀਂ ਕਦੇ ਕਿਸੇ ਹੋਰ ਮੁੱਖ ਮੰਤਰੀ ਨੂੰ ਇੰਝ ਉਡੀਕ ਕਰਦਿਆਂ ਵੇਖਿਆ ਹੈ?

ਇਸ ਦੌਰਾਨ ਦਿੱਲੀ ਦੇ ਉਪ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਨੇਤਾ ਮਨੀਸ਼ ਸਿਸੋਦੀਆ ਨੇ ਟਵੀਟ ਕਰ ਕਿਹਾ ਕਿ ਭਾਜਪਾ ਵਾਲਿਓ! ਜੋ ਵੀ ਸਾਜਿਸ਼ ਤੁਸੀਂ ਕਰੋ, ਨਾ ਅਰਵਿੰਦ ਕੇਜਰੀਵਾਲ ਨੂੰ ਨਾਮਜ਼ਦਗੀ ਭਰਨ ਤੋਂ ਰੋਕ ਸਕੋਗੇ ਅਤੇ ਨਾ ਉਸ ਨੂੰ ਤੀਸਰੀ ਵਾਰ ਦਿੱਲੀ ਦਾ ਮੁੱਖ ਮੰਤਰੀ ਬਣਨ ਤੋਂ, ਤੁਹਾਡੀਆਂ ਯੋਜਨਾਵਾਂ ਸਫਲ ਨਹੀਂ ਹੋਣੀਆਂ।' ਉਨ੍ਹਾਂ ਨੇ ਦਾਅਵਾ ਕੀਤਾ ਕਿ ਅੱਜ ਭਾਜਪਾ ਨੇ ਅਰਵਿੰਦ ਕੇਜਰੀਵਾਲ ਦੇ ਅੱਗੇ ਕਾਗਜ਼ ਭਰਨ ਦੇ ਬਹਾਨੇ ਨਾਲ 45 ਉਮੀਦਵਾਰਾਂ ਨੂੰ ਲਾਈਨ ਵਿੱਚ ਖੜਾ ਕਰ ਦਿੱਤਾ ਤੇ ਚੋਣ ਕਮਿਸ਼ਨ ਜਾਣਬੁੱਝ ਕੇ ਹਰ ਉਮੀਦਵਾਰ ਨੂੰ ਅੱਧਾ ਜਾਂ ਇੱਕ ਘੰਟੇ ਦਾ ਸਮਾਂ ਦੇਂਦਾ ਰਿਹਾ, ਜਿਨ੍ਹਾਂ ਦੇ ਕਾਗਜ਼ ਵੀ ਪੂਰੇ ਨਹੀਂ ਸਨ। ਇੱਥੋਂ ਤਕ ਕਿ ਉਨ੍ਹਾਂ ਦੇ ਪ੍ਰਪੋਜ਼ਰ ਵੀ ਨਹੀਂ ਸਨ, ਉਹ ਲੋਕ ਵੀ ਰਾਹ ਰੋਕ ਕੇ ਲਾਈਨ ਵਿੱਚ ਖੜੇ ਰਹੇ ਤਾਂ ਜੋ ਅਰਵਿੰਦ ਕੇਜਰੀਵਾਲ ਨੂੰ ਫਾਰਮ ਭਰਨ ਤੋਂ ਰੋਕਿਆ ਜਾ ਸਕੇ।'

## ਕੇਜਰੀਵਾਲ ਵੱਲੋਂ ਚੋਣਾਂ ਵਿੱਚ '10 ਗਾਰੰਟੀ' ਯੋਜਨਾ ਜਾਰੀ

ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਲਈ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੱਲ੍ਹ 'ਕੇਜਰੀਵਾਲ ਦੀ 10 ਗਰੰਟੀ' ਯੋਜਨਾ ਉੱਤੇ ਅਮਲ ਕਰਨ ਦਾ ਦਿੱਲੀ ਵਾਸੀਆਂ ਨਾਲ ਵਾਅਦਾ ਕੀਤਾ ਹੈ।


ਕੇਜਰੀਵਾਲ ਨੇ ਕਿਹਾ ਕਿ ਇਹ 10 ਗਰੰਟੀਆਂ ਚੋਣ ਮਨੋਰਥ ਪੱਤਰ ਤੋਂ ਵੱਖ ਹੋਣਗੀਆਂ। 'ਕੇਜਰੀਵਾਲ ਦੀ 10 ਗਰੰਟੀ' ਵਿੱਚ ਜਗਮਗਾਉਂਦੀ ਦਿੱਲੀ ਤੋਂ ਲੈ ਕੇ ਕੱਚੀਆਂ ਕਾਲੋਨੀਆਂ ਨੂੰ ਬੁਨਿਆਦੀ ਸਹੂਲਤਾਂ ਦੇਣ ਦੀ ਗਰੰਟੀ ਦਿੱਤੀ ਗਈ ਹੈ। ਉਸ ਨੇ ਵਾਅਦਾ ਕੀਤਾ ਹੈ ਕਿ ਜਿਹੜੀਆਂ ਸਹੂਲਤਾਂ ਇਸ ਵੇਲੇ ਦਿੱਲੀ ਵਾਸੀਆਂ ਨੂੰ ਮਿਲਦੀਆਂ ਹਨ, ਉਹ ਅਗਲੇ ਪੰਜ ਸਾਲ ਜਾਰੀ ਰਹਿਣਗੀਆਂ। ਇਸ ਦੇ ਨਾਲ ਉਨ੍ਹਾਂ ਨੇ ਦਿੱਲੀ ਦੇ ਲੋਕਾਂ ਨਾਲ ਕੁਝ ਨਵੇਂ ਵਾਅਦੇ ਵੀ ਕੀਤੇ ਹਨ। ਕੇਜਰੀਵਾਲ ਨੇ ਕਿਹਾ ਕਿ ਪੰਜ ਸਾਲਾਂ ਵਿੱਚ ਉਹ ਦਿੱਲੀ ਨੂੰ ਚਮਕਾ ਕੇ ਦਿਖਾ ਦੇਣਗੇ। ਇਸ ਦੇ ਨਾਲ ਉਨ੍ਹਾਂ ਨੇ ਇਹ ਕਿਹਾ ਕਿ ਪੰਜ ਸਾਲਾਂ ਵਿੱਚ ਉਹ ਨਿਸ਼ਚਿਤ ਤੌਰ 'ਤੇ ਲੋਕਾਂ ਨੂੰ ਯਮੁਨਾ 'ਚ ਡੁਬਕੀ ਜ਼ਰੂਰ ਲਵਾਉਣਗੇ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਲਾਗੂ ਕੀਤੀਆਂ ਯੋਜਨਾਵਾਂ ਲਾਗੂ ਰਹਿਣਗੀਆਂ ਤੇ ਕੁਝ ਯੋਜਨਾਵਾਂ ਅਗਲੇ ਪੰਜ ਸਾਲਾਂ 'ਚ ਪੂਰੀਆਂ ਹੋਣਗੀਆਂ।






Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"



**Toronto $2,150** — For Lease — **Bathurst & Lake Shore:** Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen, Stainless Steel Appliances, Granite Counter, Ensuite Laundry, Amenities Included, Gym, Media Room, Roof Top Terrance.

**Toronto $179,000** — barBURRITO — **6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month, Very Low Rent

**Vaughan $219,000** — Photo Not Available — **120 Whitmore Rd 15:** Well Established Dry Cleaner Depot, Turn Key Operation, Prime Location In Vaughan, 16 Years In Business, State Of The Art Equipment, Great Clientele, Sales Are $4,500 Per Week As Per Seller, Very Low Rent 3,200.

**Mississauga $199,900** — Techlogics — **5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000** — Gino's Pizza — **136 Queen St S 2:** Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Brampton $249,000** — Photo Not Available — **373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**Shelburne $399,999** — **328 Centre St:** This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Waterloo $399,000** — Photo Not Available — **Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Mississauga $399,900** — Photo Not Available — **7120 Pacific Circ B:** Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Sales Are $900,000/Year As Per Seller.

**Burlington $2,650,000** — **Northshore Blvd To Eagle :**Exceptional 2-Storey In One Of Burlington's Most Sought-After Communities South Aldershot!Walking Distance To Burlington Golf Club And Lake Original Bungalow Completely Demolished (Except For Solarium) And Rebuilt, With New Upper Level Breath Taking View Of The Lake New Plumbing

**Mississauga $1,699,000** — **Qew And Hurontario :**Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home , Build The Perfect Home To Your Taste In A Cosy Cul-De-Sac. Located In One Of Mississauga Sought Off Areas.

**Oshawa $659,000** — Photo Not Available — **150 Windfields Farm Dr 86:**Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $899,900** — **29 Phillip Ave:** For any information call Paramjeet Deol at 905-405-8484.

**Brampton $983,000** — **87 Earlsbridge Blvd:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000** — **Mavis/Derry:**Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd In Liv/Din, Hdwd Stairs.

**Brampton $1,900,000** — Photo Not Available — **115 Orenda Rd:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

## ਸੁਪਰੀਮ ਕੋਰਟ ਪੈਨਲ ਨੇ ਕਿਹਾ: ਜਨਤਾ ਦੇ ਪੈਸੇ ਨਾਲ ਨੇਤਾਵਾਂ ਦਾ ਪ੍ਰਚਾਰ ਨਾ ਹੋਵੇ

ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਰਾਜ ਸਰਕਾਰਾਂ ਦੇ ਸੰਬੰਧ ਵਿੱਚ ਇਹ ਸ਼ਿਕਾਇਤ ਆਮ ਹੈ ਕਿ ਜਨਤਾ ਦੇ ਪੈਸੇ ਨਾਲ ਸੱਤਾਧਾਰੀ ਪਾਰਟੀ ਦੇ ਆਗੂਆਂ ਦੇ ਸੋਹਲੇ ਗਾਉਂਦੀਆਂ ਹਨ, ਪਰ ਸੁਪਰੀਮ ਕੋਰਟ ਵੱਲੋਂ ਨਿਯੁਕਤ ਇੱਕ ਪੈਨਲ ਨੇ ਰਾਜਾਂ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਇਹ ਸਿਲਸਿਲਾ ਬੰਦ ਕਰਨਾ ਚਾਹੀਦਾ ਹੈ।

ਇਸ ਪੈਨਲ ਨੇ ਰਾਜਾਂ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਇਸ਼ਤਿਹਾਰਾਂ ਦੀ ਸਮੱਗਰੀ ਦੀ ਨਿਗਰਾਨੀ ਲਈ ਰੈਗੂਲੇਟਰੀਆਂ ਦੀ ਨਿਯੁਕਤੀ ਕਰਨੀ ਚਾਹੀਦੀ ਹੈ। ਜੇ ਸੂਬੇ ਖੁਦ ਆਪਣੇ ਪੱਧਰ 'ਤੇ ਪੈਨਲ ਨਿਯੁਕਤ ਕਰਨ ਦੇ ਇੱਛੁਕ ਨਹੀਂ ਤਾਂ ਉਹ ਕੇਂਦਰ ਸਰਕਾਰ ਵੱਲੋਂ ਨਿਯੁਕਤ ਤਿੰਨ ਮੈਂਬਰੀ ਸਮੱਗਰੀ ਨਿਗਰਾਨੀ ਕਮੇਟੀ ਨੂੰ ਇਸ ਦਾ ਅਧਿਕਾਰ ਦੇ ਸਕਦੇ ਹਨ। ਇਸ ਪੈਨਲ ਦਾ ਇਹ ਕਦਮ ਇਸ ਪੱਖ ਤੋਂ ਅਹਿਮ ਹੈ ਕਿ ਦਿੱਲੀ ਵਿੱਚ ਅੱਠ ਫਰਵਰੀ ਤੋਂ ਚੋਣਾਂ ਹੋਣੀਆਂ ਹਨ। ਪਹਿਲਾਂ ਦਿੱਲੀ, ਰਾਜਸਥਾਨ ਸਮੇਤ ਕੁਝ ਰਾਜਾਂ ਵਿੱਚ ਸਰਕਾਰੀ ਧਨ ਨਾਲ ਸੱਤਾਧਾਰੀ ਪਾਰਟੀ ਦੇ ਨੇਤਾਵਾਂ ਦੇ ਪ੍ਰਚਾਰ ਦੀਆਂ ਸ਼ਿਕਾਇਤਾਂ ਆਈਆਂ ਸਨ। ਇਸ ਸਿਲਸਿਲੇ ਵਿੱਚ ਤਿੰਨ ਮੈਂਬਰੀ ਕੇਂਦਰੀ ਪੈਨਲ ਨੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੂੰ ਕਿਹਾ ਹੈ ਕਿ ਸੂਬਿਆਂ ਨੂੰ ਜਲਦੀ ਤੋਂ ਜਲਦੀ ਇਸ਼ਤਿਹਾਰਾਂ ਦੀ ਸਮੱਗਰੀ ਲਈ ਰੈਗੂਲੇਟਰੀਆਂ ਦੀ ਨਿਯੁਕਤੀ ਲਈ ਹੁਕਮ ਦਿੱਤਾ ਜਾਏ। ਜੇ ਉਹ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਸੁਪਰੀਮ ਕੋਰਟ ਵਿੱਚ ਇੱਕ ਸਟੇਟਸ ਰਿਪੋਰਟ ਦਾਖਲ ਕੀਤੀ ਜਾਏਗੀ। ਇਸ ਨਾਲ ਸੂਬਿਆਂ ਨੂੰ ਉਲੰਘਣਾ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਸਾਈਂ ਬਾਬਾ ਜਨਮ ਅਸਥਾਨ ਝਗੜਾ : ਰੋਸ ਵਜੋਂ ਦੁਕਾਨਾਂ ਤੇ ਸਥਾਨਕ ਬੱਸਾਂ ਬੰਦ ਰਹੀਆਂ

ਸ਼ਿਰਡੀ, 21 ਜਨਵਰੀ (ਪੋਸਟ ਬਿਊਰੋ)- ਸਾਈਂ ਬਾਬਾ ਦੇ ਜਨਮ ਅਸਥਾਨ ਦੇ ਝਗੜੇ ਦੇ ਪਿਛੋਕੜ ਵਿੱਚ ਸ਼ਿਰਡੀ ਵਿੱਚ ਦੁਕਾਨਾਂ, ਹੋਟਲ ਅਤੇ ਵੱਖ-ਵੱਖ ਵਪਾਰਕ ਅਦਾਰੇ ਬੰਦ ਰਹੇ ਅਤੇ ਸੜਕਾਂ 'ਤੇ ਆਵਾਜਾਈ ਵੀ ਬੰਦ ਰਹੀ।

ਮੰਦਰ ਟਰੱਸਟ ਅਤੇ ਅਹਿਮਦਨਗਰ ਜ਼ਿਲਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਬੰਦ ਅੱਧੀ ਰਾਤ ਤੋਂ ਸ਼ੁਰੂ ਹੋਇਆ, ਪਰ ਸਾਈਂ ਮੰਦਰ ਖੁੱਲਾ ਰਿਹਾ ਅਤੇ ਸ਼ਰਧਾਲੂਆਂ ਨੇ ਉਥੇ ਪੂਜਾ ਕੀਤੀ। ਵਰਨਣ ਯੋਗ ਹੈ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਨੇ ਪਰਭਣੀ ਜ਼ਿਲੇ ਦੇ ਪਾਥਰੀ ਵਿੱਚ ਸਾਈਂ ਬਾਬਾ ਦੇ ਜਨਮ ਅਸਥਾਨ ਉਤੇ ਸਹੂਲਤਾਂ ਦੇ ਵਿਕਾਸ ਲਈ 100 ਕਰੋੜ ਦੀ ਰਕਮ ਦੇਣ ਦਾ ਐਲਾਨ ਕੀਤਾ ਸੀ ਜਿਸ 'ਤੇ ਝਗੜਾ ਪੈਦਾ ਹੋ ਗਿਆ। ਸ਼ਿਰਡੀ ਦੇ ਮੁਕਾਮੀ ਲੋਕਾਂ ਤੇ ਆਗੂਆਂ ਨੇ ਪਾਥਰੀ ਨੂੰ ਸਾਈਂ ਬਾਬਾ ਦਾ ਜਨਮ ਅਸਥਾਨ ਦੱਸਣ ਬਾਰੇ ਇਤਰਾਜ਼ ਕੀਤਾ ਅਤੇ ਕਿਹਾ ਕਿ ਉਨ੍ਹਾਂ ਦਾ ਜਨਮ ਅਸਥਾਨ ਅਤੇ ਉਨ੍ਹਾਂ ਦੇ ਧਰਮ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਹ ਠਾਕਰੇ ਤੋਂ ਆਪਣਾ ਬਿਆਨ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਇਸ ਰੋਸ ਵਜੋਂ ਹੜਤਾਲ ਕੀਤੀ ਗਈ ਸੀ।

## ਡਿਊਟੀ ਫਰੀ ਤੋਂ ਅੱਗੇ ਤੋਂ ਸਿਰਫ ਇੱਕ ਬੋਤਲ ਸ਼ਰਾਬ ਮਿਲੇਗੀ

ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਹਵਾਈ ਅੱਡਿਆਂ 'ਤੇ ਡਿਊਟੀ ਫਰੀ ਸਟੋਰ ਤੋਂ ਆਉਣ ਵਾਲੇ ਦਿਨਾਂ ਵਿੱਚ ਵਧ ਤੋਂ ਵੱਧ ਇੱਕ ਬੋਤਲ ਸ਼ਰਾਬ ਖਰੀਦੀ ਜਾ ਸਕੇਗੀ। ਸਰਕਾਰ ਗੈਰ ਜ਼ਰੂਰੀ ਵਸਤਾਂ ਦੀ ਇੰਪੋਰਟ ਨੂੰ ਘੱਟ ਕਰਨ ਲਈ ਇਹ ਹੱਦ ਬੰਨ੍ਹਣ 'ਤੇ ਵਿਚਾਰ ਕਰ ਰਹੀ ਹੈ। ਜਾਣਕਾਰ ਸੂਤਰਾਂ ਅਨੁਸਾਰ ਵਪਾਰ ਮੰਤਰਾਲੇ ਨੇ ਇੱਕ ਫਰਵਰੀ ਨੂੰ ਪੇਸ਼ ਹੋਣ ਵਾਲੇ ਭਾਰਤ ਦੇ ਅਗਲੇ ਆਮ ਬਜਟ ਦੇ ਲਈ ਵਿੱਤ ਮੰਤਰੀ ਨਿਰਮਲਾ ਸੀਤਰਮਨ ਨੂੰ ਇਹ ਸੁਝਾਅ ਪੇਸ਼ ਕੀਤਾ ਹੈ। ਮੰਤਰਾਲੇ ਨੇ ਡਿਊਟੀ ਫਰੀ ਸਟੋਰ ਤੋਂ ਇੱਕ ਕਾਰਟਨ ਸਿਗਰਟ ਖਰੀਦਣ ਦੀ ਸਹੂਲਤ ਵੀ ਬੰਦ ਕਰਨ ਦਾ ਸੁਝਾਅ ਦਿੱਤਾ ਹੈ। ਅੱਜ ਤੱਕ ਜੋ ਵਿਵਸਥਾ ਹੈ ਉਸ ਤਹਿਤ ਵਿਦੇਸ਼ਾਂ ਤੋਂ ਆਉਣ ਵਾਲੇ ਯਾਤਰੀ ਹਵਾਈ ਅੱਡਿਆਂ 'ਤੇ ਇਸ ਤਰ੍ਹਾਂ ਦੇ ਡਿਊਟੀ ਫਰੀ ਸਟੋਰ ਤੋਂ ਦੋ ਲੀਟਰ ਸ਼ਰਾਬ ਅਤੇ ਇੱਕ ਕਾਰਟਨ ਸਿਗਰਟ ਖਰੀਦ ਸਕਦੇ ਹਨ। ਸੂਤਰਾਂ ਨੇ ਕਿਹਾ ਕਿ ਕਈ ਦੇਸ਼ ਅਜੇ ਕੌਮਾਂਤਰੀ ਮੁਸਾਫਰਾਂ ਨੂੰ ਵੱਧ ਤੋਂ ਵੱਧ ਇੱਕ ਲੀਟਰ ਸ਼ਰਾਬ ਖਰੀਦਣ ਦੀ ਮਨਜ਼ੂਰੀ ਦਿੰਦੇ ਹਨ ਤੇ ਭਾਰਤ ਵੀ ਇਸ ਨੂੰ ਅਪਣਾ ਸਕਦਾ ਹੈ। ਇਹ ਸੁਝਾਅ ਅਜਿਹੇ ਵਿੱਚ ਅਹਿਮ ਹੋ ਜਾਂਦਾ ਹੈ ਕਿ ਸਰਕਾਰ ਦੇਸ਼ 'ਚ ਗੈਰ-ਜ਼ਰੂਰੀ ਵਸਤਾਂ ਦੀ ਇੰਪੋਰਟ ਘੱਟ ਕਰਨ ਦੇ ਵੱਖਰੇ ਯਤਨਾਂ ਬਾਰੇ ਗੌਰ ਕਰ ਰਹੀ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਗੈਰ ਜ਼ਰੂਰੀ ਇੰਪੋਰਟ ਨਾਲ ਦੇਸ਼ ਦਾ ਵਪਾਰਕ ਘਾਟਾ ਵਧਦਾ ਹੈ। ਡਿਊਟੀ ਫਰੀ ਦੁਕਾਨ ਤੋਂ ਦੇਸ਼ 'ਚ ਆਉਣ ਵਾਲਾ ਵਿਦੇਸ਼ੀ ਯਾਤਰੀ ਆਮ ਤੌਰ 'ਤੇ ਕਰੀਬ 50,000 ਰੁਪਏ ਦਾ ਸਾਮਾਨ ਖਰੀਦ ਸਕਦਾ ਹੈ ਅਤੇ ਇਸ 'ਤੇ ਉਸ ਨੂੰ ਇੰਪੋਰਟ ਡਿਊਟੀ ਨਹੀਂ ਦੇਣੀ ਹੁੰਦੀ ਹੈ।

## ਬਲਬੀਰ ਸਿੱਧੂ ਨੇ ਮਨੌਲੀ ਵਿਖੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੀ ਨਵੀਂ ਇਮਾਰਤ ਦਾ ਕੀਤਾ ਉਦਘਾਟਨ



ਐਸ.ਏ.ਐਸ ਨਗਰ, 21 ਜਨਵਰੀ 2020: "ਇਕ ਵਿਅਕਤੀ ਦੇ ਜੀਵਨ ਵਿਚ ਸਿੱਖਿਆ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਬੱਚਿਆਂ ਦੀ ਕਿਸਮਤ ਨੂੰ ਬਣਾਉਣ ਵਿਚ ਉਹਨਾਂ ਦੀ ਸਹਾਇਤਾ ਕਰਦਾ ਹੈ ਜੋ ਰਾਸ਼ਟਰ ਦਾ ਭਵਿੱਖ ਹੁੰਦੇ ਹਨ। ਪੰਜਾਬ ਸਰਕਾਰ ਇਸ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਜੋ ਸੂਬੇ ਦੇ ਸਮੁੱਚੇ ਸਕੂਲਾਂ ਨੂੰ ਸਮਾਰਟ ਸਕੂਲਾਂ ਦੇ ਪੱਧਰ ਤੱਕ ਅਪਗ੍ਰੇਡ ਕਰਨ ਦੇ ਕੰਮ ਤੋਂ ਜ਼ਾਹਰ ਹੁੰਦਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਪਿੰਡ ਮਨੌਲੀ ਵਿਖੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਮੌਕੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਸੂਬਾ ਸਰਕਾਰ ਦਾ ਉਦੇਸ਼ ਪੰਜਾਬ ਦੇ ਸਕੂਲਾਂ ਨੂੰ ਅਤਿ ਆਧੁਨਿਕ ਟੈਕਨਾਲੋਜੀ ਨਾਲ ਹਾਈ-ਟੈਕ ਬਣਾਉਣ ਵੱਲ ਧਿਆਨ ਕੇਂਦਰਿਤ ਕਰਨਾ ਹੈ ਕਿਉਂਕਿ ਵਿ-ਦਅਕ ਖੇਤਰ ਨੂੰ ਵੀ ਨਵੇਂ ਤਕਨੀਕੀ ਰੁਝਾਨਾਂ ਨੂੰ ਧਿਆਨ ਵਿਚ ਰੱਖਦਿਆਂ ਅੱਗੇ ਵਧਣਾ ਚਾਹੀਦਾ ਹੈ। ਸਿਹਤ ਮੰਤਰੀ ਨੇ ਸਕੂਲ ਪ੍ਰਬੰਧਨ ਨੂੰ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੇਣ ਲਈ ਕੋਈ ਵੀ ਕਸਰ ਬਾਕੀ ਨਾ ਛੱਡਣ ਦਾ ਭਰੋਸਾ ਵੀ ਦਵਾਇਆ।

ਬਲਬੀਰ ਸਿੰਘ ਸਿੱਧੂ ਨੇ ਇਹ ਵੀ ਦੱਸਿਆ ਕਿ ਪਿੰਡ ਮਨੌਲੀ ਤਹਿਸੀਲ ਬਣਨ ਦੇ ਵੀ ਯੋਗ ਹੈ ਅਤੇ ਉਹ ਇਸ ਸੰਬੰਧੀ ਸਾਰੇ ਉਪਰਾਲੇ ਕਰਨਗੇ। ਉਨ੍ਹਾਂ ਅੱਗੇ ਦੱਸਿਆ ਕਿ ਇਕ ਕਮਿਊਨਿਟੀ ਸੈਂਟਰ ਵੀ ਵਿਚਾਰ ਅਧੀਨ ਹੈ ਅਤੇ ਇਕ ਅਤਿ ਆਧੁਨਿਕ ਹਸਪਤਾਲ ਬਣਾਉਣਾ ਵੀ ਯੋਜਨਾਵਾਂ ਵਿਚ ਸ਼ਾਮਲ ਹੈ ਤਾਂ ਜੋ ਲੋਕਾਂ ਨੂੰ ਡਾਕਟਰੀ ਇਲਾਜ ਲਈ ਚੰਡੀਗੜ੍ਹ ਨਾ ਜਾਣਾ ਪਵੇ।

ਜ਼ਿਕਰਯੋਗ ਹੈ ਕਿ ਮੁਹਾਲੀ ਹਲਕੇ ਵਿਚ ਤਕਰੀਬਨ 22000-25000 ਰਾਸ਼ਨ ਕਾਰਡ ਬਣਾਏ ਗਏ ਹਨ ਅਤੇ 106473 ਸਿਹਤ ਕਾਰਡ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿਚੋਂ 5812 ਮਰੀਜਾਂ ਨੂੰ 7,50,00000 ਰੁਪਏ ਦੀ ਰਾਸ਼ੀ ਨਾਲ ਇਲਾਜ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ। ਲੇਬਰ ਸਕੀਮ ਤਹਿਤ ਲਗਭਗ 750 ਲਾਭਪਾਤਰੀਆਂ ਦੇ ਖਾਤਿਆਂ ਵਿੱਚ 1,08,00000 ਰੁਪਏ ਜਮ੍ਹਾਂ ਕੀਤੇ ਗਏ ਹਨ। ਹੋਰ ਭਲਾਈ ਕੇਂਦਰਿਤ ਪਹਿਲਕਦਮੀਆਂ ਜਿਵੇਂ ਕਿ ਮਜ਼ਦੂਰਾਂ ਦੇ ਬੱਚਿਆਂ ਲਈ ਵਜ਼ੀਫੇ ਅਤੇ ਲੜਕੀਆਂ ਲਈ ਸ਼ਗਨ ਸਕੀਮ 'ਤੇ 80 ਲੱਖ ਰੁਪਏ ਖਰਚ ਕੀਤੇ ਗਏ ਹਨ। ਇਹ ਸਾਰੀਆਂ ਗਤੀਵਿਧੀਆਂ ਲੋਕ ਭਲਾਈ ਕੇਂਦਰ ਅਧੀਨ ਕੀਤੀਆਂ ਗਈਆਂ ਹਨ ਜੋ ਕਿ ਸ. ਬਲਬੀਰ ਸਿੰਘ ਸਿੱਧੂ ਦੇ ਯਤਨਾਂ ਸਦਕਾ ਚਲਾਈਆਂ ਗਈਆਂ ਹਨ। ਕੇਂਦਰ ਨੇ ਪਿੰਡ-ਪਿੰਡ ਜਾ ਕੇ ਇਹ ਸਹੂਲਤਾਂ ਮੁਹੱਈਆ ਕਰਵਾਈਆਂ ਹਨ।

ਸਕੂਲ ਦੇ ਵਿਦਿਆਰਥੀਆਂ ਵੱਲੋਂ ਗਾਏ ਗੀਤਾਂ ਦੇ ਨਾਲ ਨਾਲ ਵੱਖ-ਵੱਖ ਸਭਿਆਚਾਰਕ ਗਤੀਵਿਧੀਆਂ ਅੱਜ ਦੇ ਸਮਾਗਮ ਦੌਰਾਨ ਖਿੱਚ ਦਾ ਕੇਂਦਰ ਰਹੀਆਂ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ ਸਿੱਧੂ ਦੇ ਸਿਆਸੀ ਸਕੱਤਰ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ, ਪਿੰਡ ਮਨੌਲੀ ਦੇ ਸਰਪੰਚ ਜ਼ੋਰਾ ਸਿੰਘ, ਡੀ.ਈ.ਓ. ਐਲੀਮੈਂਟਰੀ ਗੁਰਪ੍ਰੀਤ ਕੌਰ ਧਾਲੀਵਾਲ, ਸੈਂਟਰ ਮੁੱਖ ਅਧਿਆਪਕਾ ਰਮਿੰਦਰ ਕੌਰ, ਬੀ.ਪੀ.ਈ.ਓ. ਬਲਾਕ ਖਰੜ - 3 ਕ੍ਰਿਸ਼ਨ ਪੁਰੀ, ਪ੍ਰਿੰਸੀਪਲ ਸੈਕੰਡਰੀ ਸਕੂਲ ਨਵਕਿਰਨ, ਸੀ.ਐਚ.ਟੀ. ਡੇਰਾਬਸੀ ਅਵਰਿੰਦਰ ਸਿੰਘ, ਸੀ.ਐਚ.ਟੀ. ਜਸਵੀਰ ਸਿੰਘ ਬਾਕਰਪੁਰ, ਜ਼ਲ੍ਹਿਾ ਕੋਆਰਡੀਨੇਟਰ ਸਮਾਰਟ ਸਕੂਲ ਜਸਵੀਰ ਸਿੰਘ ਅਤੇ ਵੀ.ਪੀ. ਸਿੰਘ, ਮੀਡੀਆ ਕੋਆਰਡੀਨੇਟਰ ਅੰਮ੍ਰਿਤਪਾਲ ਸਿੰਘ, ਪੰਚਾਇਤ ਮੈਂਬਰ ਗੁਰਦੀਪ ਸਿੰਘ ਬੱਸੀ, ਪਰਦੀਪ ਸ਼ਰਮਾ, ਅਮਰਿੰ-ਦਰ ਸਿੰਘ ਧਨੋਆ, ਰਾਮ ਨਾਥ, ਨਰਿੰਦਰ ਸਿੰਘ, ਜਸਪਾਲ ਰਾਮ, ਪ੍ਰਧਾਨ ਗੁਰਦੁਆਰਾ ਕਮੇਟੀ ਜਤਿੰ-ਦਰ ਸਿੰਘ, ਗੁਰਮੇਲ ਸਿੰਘ, ਸਾਬਕਾ ਸਰਪੰਚ ਹਰਨੇਕ ਸਿੰਘ, ਰਿਟਾ. ਮਾਸਟਰ ਸ਼ਸ਼ੀ ਭੂਸ਼ਣ, ਜਤਿੰਦਰ ਸੂਦ, ਅਸ਼ੋਕ ਕੁਮਾਰ ਅਤੇ ਸਕੂਲ ਸਟਾਫ ਮੈਂਬਰ ਕੁਲਵਿੰਦਰ ਕੌਰ, ਵਰਿੰਦਰ ਕੌਰ, ਰਵਿੰਦਰ ਕੌਰ, ਅਰਵਿੰਦਰ ਕੌਰ, ਬਲਜੀਤ ਕੌਰ ਅਤੇ ਪੂਜਾ ਸੈਣੀ ਸ਼ਾਮਲ ਹੋਏ।

## ਰਿਆਤ ਸਕੂਲ ਦੀ ਵਿਦਿਆਰਥਣ ਚਿਨਮਯ ਗੁਪਤਾ ਨੇ 99.8% ਅੰਕ ਪ੍ਰਾਪਤ ਕੀਤੇ



ਰੂਪਨਗਰ, 21 ਜਨਵਰੀ (ਪੋਸਟ ਬਿਊਰੋ): ਬੀਤੇ ਦਿਨ ਘੋਸ਼ਿਤ ਜੇ .ਈ. ਈ. (ਮੇਨਜ਼) ਦੇ ਨਤੀਜੇ ਵਿੱਚ ਰਿਆਤ ਇੰਟਰਨੈਸ਼ਨਲ ਸਕੂਲ ਰੈਲਮਾਜਰਾ ਅਤੇ ਰਿਆਤ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰੈਲਮਾਜਰਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ ।ਰਿਆਤ ਸਕੂਲਾਂ ਦੇ ਪ੍ਰਿੰਸੀਪਲਜ਼ ਸ਼ੁਭਾ ਰਾਠੌਰ ਅਤੇ ਡਾਕਟਰ ਪੱਲਵੀ ਪੰਡਤ ਨੇ ਦੱਸਿਆ ਕਿ ਇਨਾਂ ਵਿਦਿਆਰਥੀਆਂ ਵਿਚ ਚਿਨਮਿਆ ਗੁਪਤਾ ਨੇ 99.8% ,ਸਿਮਰਨਜੀਤ ਕੌਰ ਨੇ 95.6% ,ਨਵਜੋਤ ਕੌਰ ਨੇ 91.8%,ਨਵਦੀਪ ਸਿੰਘ ਨੇ 86% ਅਤੇ ਗੁਰਸਿਮਰ ਸਿੰਘ ਨੇ 85% ਨੰਬਰ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਰਿਆਤ ਗਰੁੱਪ ਆਫ਼ ਇੰਸਟੀਚਿਊਸ਼ਨ ਦਾ ਨਾਮ ਚਮਕਾਇਆ ਹੈ। ਇਹ ਵਿਦਿਆਰਥੀ ਆਪਣੀ ਬੋਰਡ ਦੀ ਪ੍ਰੀਖਿਆ ਅਤੇ ਜੇ.ਈ.ਈ. (ਅਡਵਾਂਸ )ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਨਗੇ। ਰਿਆਤ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਨਿਰਮਲ ਸਿੰਘ ਰਿਆਤ, ਡਾ ਸੰਦੀਪ ਸਿੰਘ ਕੌੜਾ ਮੈਨੇਜਿੰਗ ਡਾਇਰੈਕਟਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ' ਉਨ੍ਹਾਂ ਦੇ ਮਾਤਾ ਪਿਤਾ ਅਤੇ ਅਧਿਆਪਕਾਂ ਨੂੰ ਇਸ ਸਫ਼ਲਤਾ ਤੇ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਭਵਿੱਖ ਵਿੱਚ ਹੋਰ ਚੰਗਾ ਪ੍ਰਦਰਸ਼ਨ ਕਰਨ ਲਈ ਸਖਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ।

## ਜ਼ਿਲ੍ਹਾ ਮਾਨਸਾ ਨੂੰ ਸੂਬਾ ਪੱਧਰੀ ਅਵਾਰਡ ਪ੍ਰਾਪਤ

ਮਾਨਸਾ, 21 ਜਨਵਰੀ (ਪੋਸਟ ਬਿਊਰੋ): ਜ਼ਿਲ੍ਹਾ ਮਾਨਸਾ ਨੂੰ ਮਗਨਰੇਗਾ ਸਕੀਮ ਅਧੀਨ ਸਾਲ 2018-19 ਵਿਚ ਕਾਰਪੋਰੇਟ ਅਤੇ ਸਮਾਜਿਕ ਫੰਡਾਂ ਦੇ ਵਿਲੱਖਣ ਤਾਲਮੇਲ ਤਹਿਤ ਪਿੰਡਾਂ ਵਿਚ ਲਏ ਗਏ ਕੰਮਾਂ ਲਈ ਹੋਈ ਸੂਬਾ ਪੱਧਰੀ ਵਰਕਸ਼ਾਪ ਮੌਕੇ 17 ਜਨਵਰੀ 2020 ਨੂੰ ਪੇਂਡੂ ਵਿਕਾਸ ਅਤੇ ਪੰਚ-ਾਇਤ ਮੰਤਰੀ ਸ੍ਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮਾਨਸਾ ਸ੍ਰੀਮਤੀ ਅਪਨੀਤ ਰਿਆਤ ਨੇ ਦੱਸਿਆ ਕਿ ਭਾਰਤ ਪੈਟਰੋਲੀਅਮ ਨਾਲ ਇਕ ਐਮ.ਓ.ਯੂ. ਸਾਈਨ ਜਨਵਰੀ 2018 ਵਿਚ ਕੀਤਾ ਗਿਆ ਸੀ ਜਿਸ ਤਹਿਤ ਸਰਕਾਰੀ ਸਕੂਲਾਂ ਵਿਚ 53 ਸੋਕ ਪਿੱਟਾਂ ਦੀ ਉਸਾਰੀ, 30 ਸਕੂਲ ਟੁਆਇਲਟ ਦੀ ਉਸਾਰੀਅਤੇ 83 ਆਂਗਣਵਾੜੀ ਟੁਆਇਲਟ ਦੀ ਉਸਾਰੀ ਕਰਵਾਈ ਜਾਣੀ ਸੀ, ਇਸ ਤੋਂ ਇਲਾਵਾ ਸਕੂਲਾਂ ਵਿਚ 17 ਸੈਨੇਟਰੀ ਪੈਡ ਵੈਂਡਿੰਗ ਮਸ਼ੀਨ ਅਤੇ 20 ਪ੍ਰੋਜੈਕਟਰ ਮੁਹੱਈਆ ਕਰਵਾਏ ਜਾਣੇ ਸਨ। ਉਨ੍ਹਾਂ ਵੱਲੋਂ ਇਸ ਗੱਲ ਦੀ ਖੁਸ਼ੀ ਪ੍ਰਗਟ ਕੀਤੀ ਗਈ ਕਿ ਬਲਾਕਾਂ ਦੇ ਮਗਨਰੇਗਾ ਸਟਾਫ ਅਤੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਮਿਹਨਤ ਸਦਕਾ ਇਹ ਕੰਮ ਸਮਾਂਬੱਧ ਤਰੀਕੇ ਨਾਲ ਕਰਵਾਏ ਗਏ ਹਨ।



ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਗੁਰਮੀਤ ਸਿੰਘ ਸਿੱਧੂ ਨੇ ਦੱਸਿਆ ਕਿ ਹੁਣ ਤੱਕ ਕੁੱਲ 69 ਸੋਕ ਪਿੱਟ, 30 ਸਕੂਲ ਟੁਆਇਲਟ ਅਤੇ 83 ਆਂਗਣਵਾੜੀ ਟੁਆਇਲਟ ਦੀ ਉਸਾਰੀ ਕੀਤੀ ਗਈ ਜਾ ਚੁੱਕੀ ਹੈ, ਜਿਸ ਦੇ ਸਾਰਥਕ ਨਤੀਜੇ ਦੇਖਣ ਨੂੰ ਮਿਲ ਰਹੇ ਹਨ। ਇਸ ਪ੍ਰੋਜੈਕਟ ਨੂੰ ਬਣਾਉਣ ਤੋਂ ਲੈ ਕੇ ਮੁਕੰਮਲ ਕਰਨ ਤੱਕ ਜ਼ਿਲ੍ਹਾ ਕੋਆਰਡੀਨੇਟਰ ਮਗਨਰੇਗਾ ਸ੍ਰੀ ਮਨਦੀਪ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ, ਜਿਸ ਦੀ ਮਿਹਨਤ ਸਦਕਾ ਇਹ ਅਵਾਰਡ ਪ੍ਰਾਪਤ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮਗਨਰੇਗਾ ਸਕੀਮ ਅਤੇ ਬੀ.ਪੀ.ਸੀ.ਐਲ. ਦੀ ਕਨਵਰਜੈਂਸ ਨਾਲ ਪੇਂਡੂ ਖੇਤਰ ਵਿਚ ਪੀਣ ਵਾਲੇ ਪਾਣੀ ਦੇ ਲਈ ਐਸ.ਐਂਡ.ਐਸ. ਟੈਂਕ ਦੀ ਉਸਾਰੀ ਅਤੇ ਪੇਂਡੂ ਡਿਸਪੈਂਸਰੀਆਂ ਦੇ ਨਿਰਮਾਣ ਸਬੰਧੀ ਪ੍ਰੋਜੈਕਟ ਵੀ ਤਿਆਰ ਕਰਕੇ ਭਾਰਤ ਪੈਟਰੋਲੀਅਮ ਨੂੰ ਭੇਜੇ ਗਏ ਹਨ। ਉਨ੍ਹਾਂ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਮਗਨਰੇਗਾ ਸਕੀਮ ਅਧੀਨ ਤਨਦੇਹੀ ਅਤੇ ਪਾਰਦਰਸ਼ਤਾ ਨਾਲ ਫੰਡਾਂ ਦੀ ਵਰਤੋਂ ਕਰਦੇ ਹੋਏ ਪੇਂਡੂ ਖੇਤਰ ਦਾ ਵਿਕਾਸ ਕੀਤਾ ਜਾਵੇ।

ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਸ੍ਰੀ ਬਿਕਰਮ ਮੋਫ਼ਰ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ ਅਤੇ ਇਹ ਵੀ ਬੇਨਤੀ ਕੀਤੀ ਕਿ ਪਿੰਡਾਂ ਵਿਚ ਸਮੁੱਚੇ ਵਿਕਾਸ ਲਈ ਵੱਧ ਤੋਂ ਵੱਧ ਨਿਵੇਕਲੇ ਕੰਮ ਫੰਡਾਂ ਦੀ ਕਨਵਰਜੈਂਸ ਤਹਿਤ ਲਏ ਜਾਣ ਤਾਂ ਜੋ ਪਿੰਡਾਂ ਦਾ ਅਸਲ ਵਿਕਾਸ ਕੀਤਾ ਜਾ ਸਕੇ ਅਤੇ ਵਿਅਕਤੀਗਤ ਕੰਮਾਂ ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤਾਂ ਜੋ ਪਿੰਡਾਂ ਵਿਚ ਵੱਸਦੇ ਗਰੀਬ ਪਰਿਵਾਰਾਂ ਨੂੰ ਮਗਨਰੇਗਾ ਸਕੀਮ ਅਧੀਨ ਵੱਧ ਤੋਂ ਵੱਧ ਲਾਭ ਪਹੁੰਚ-ਾਇਆ ਜਾ ਸਕੇ।






## ਤਿੰਨ ਲੱਖ ਦਾ ਕਰਜ਼ਾ ਲਾਹੁਣ ਲਈ ਕਿਸਾਨ 14 ਬੋਰੀਆਂ ਸਿੱਕੇ ਲੈ ਕੇ ਬੈਂਕ ਪਹੁੰਚਿਆ

ਅਮੇਠੀ, 21 ਜਨਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਅਮੇਠੀ ਮੁਸਾਫਰਖਾਨਾ ਦਾ ਇੱਕ ਵਿਅਕਤੀ ਕੇ ਸੀ ਸੀ ਲੋਨ ਜਮ੍ਹਾ ਕਰਨ ਲਈ ਕਈ ਬੋਰੀਆਂ ਭਾਨ ਲੈ ਕੇ ਬੈਂਕ ਪਹੁੰਚਿਆ ਤਾਂ ਬੈਂਕ ਕਰਮਚਾਰੀ ਰਹਿ ਗਏ। ਉਨ੍ਹਾਂ ਕਿਸਾਨ ਨੂੰ ਭਾਨ ਦੀ ਬਜਾਏ ਨੋਟ ਲਿਆਉਣ ਨੂੰ ਕਿਹਾ, ਪਰ ਉਸ ਨੇ ਸਾਫ ਇਨਕਾਰ ਕਰ ਦਿੱਤਾ ਕਿ ਉਸ ਕੋਲ ਨੋਟ ਨਹੀਂ ਹਨ। ਪਹਿਲਾਂ ਬੈਂਕ ਕਰਮਚਾਰੀਆਂ ਨੇ ਭਾਨ ਲੈਣ ਤੋਂ ਇਨਕਾਰ ਕਰ ਦਿੱਤਾ, ਪਰ ਬਾਅਦ ਵਿੱਚ ਉਹ ਤਿਆਰ ਹੋ ਗਏ। ਪਵਨ ਕੁਮਾਰ ਸਿੰਘ ਨੇ ਕੁਝ ਸਮਾਂ ਪਹਿਲਾਂ ਇਲਾਹਾਬਾਦ ਬੈਂਕ ਤੋਂ ਤਿੰਨ ਲੱਖ ਰੁਪਏ ਕੇ ਸੀ ਸੀ ਕਰਜ਼ਾ ਲਿਆ ਸੀ। ਉਸ ਨੇ ਸਮੇਂ 'ਤੇ ਕਰਜ਼ਾ ਨਹੀਂ ਮੋੜਿਆ ਤਾਂ ਛੇ ਲੱਖ ਹੋ ਗਿਆ। ਇਸ ਤੋਂ ਬਾਅਦ ਬੈਂਕ ਨੇ ਉਸ ਨੂੰ ਬਕਾਇਆ ਭਰਨ ਲਈ ਨੋਟਿਸ ਭੇਜਿਆ। ਇਸੇ ਦੌਰਾਨ ਬੈਂਕ ਨੇ ਉਸ ਨੂੰ ਦੱਸਿਆ ਕਿ ਉਹ ਕਿਸਾਨ ਕਰਜ਼ਾ ਮੁਕਤ ਯੋਜਨਾ ਹੇਠ ਅੱਧੇ ਪੈਸੇ ਜਮ੍ਹਾ ਕਰਵਾ ਕੇ ਆਪਣਾ ਕਰਜ਼ਾ ਖਤਮ ਕਰ ਸਕਦਾ ਹੈ। ਇਸ ਲਈ ਉਸ ਨੂੰ ਤਿੰਨ ਲੱਖ ਰੁਪਏ ਜਮ੍ਹਾ ਕਰਨੇ ਪੈਣਗੇ। ਉਸ ਨੇ ਤਿੰਨ ਲੱਖ ਰੁਪਏ ਦੇ ਇੱਕ, ਦੋ, ਪੰਜ ਅਤੇ ਦਸ ਰੁਪਏ ਦੇ ਸਿੱਕਿਆਂ ਨਾਲ 14 ਬੋਰੀਆਂ ਭਰ ਲਈਆਂ ਅਤੇ ਇਨ੍ਹਾਂ ਨੂੰ ਲੈ ਕੇ ਬੈਂਕ ਪਹੁੰਚ ਗਿਆ। ਇਹ ਦੇਖ ਕੇ ਬੈਂਕ ਨੇ ਪੈਸੇ ਲੈਣ ਤੋਂ ਮਨ੍ਹਾ ਕਰ ਦਿੱਤਾ। ਉਨ੍ਹਾਂ ਨੇ ਬਾਅਦ ਵਿੱਚ ਪੈਸੇ ਲੈ ਲਏ। ਇਸ ਤੋਂ ਬਾਅਦ ਤਿੰਨ ਕਰਮਚਾਰੀਆਂ ਨੇ ਲਗਾਤਾਰ ਤਿੰਨ ਦਿਨਾਂ ਤੱਕ ਇਸ ਭਾਨ ਦੀ ਗਿਣਤੀ ਕੀਤੀ। ਪਵਨ ਕੁਮਾਰ ਨੇ ਦੱਸਿਆ ਕਿ ਉਸ ਕੋਲ ਕਾਫੀ ਮਾਤਰਾ ਵਿੱਚ ਭਾਨ ਹੋ ਗਈ ਸੀ। ਉਸ ਕੋਲ ਪੈਸੇ ਜਮ੍ਹਾ ਕਰਾਉਣ ਦਾ ਕੋਈ ਹੋਰ ਰਸਤਾ ਨਹੀਂ ਸੀ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਮੀਡੀਆ ਦੀ ਬਾਂਹ ਫੜਨ ਵੇਲੇ ਐਥਨਿਕ ਮੀਡੀਆ ਦੀ ਕਲਾਈ ਛੰਡਣਾ

ਬੀਤੇ ਸਾਲ ਜਦੋਂ ਲਿਬਰਲ ਸਰਕਾਰ ਨੇ ਜਦੋਜਹਿਦ ਕਰ ਰਹੇ ਮੀਡੀਆ ਲਈ 600 ਮਿਲੀਅਨ ਡਾਲਰ ਟੈਕਸ ਕਰੈਡਿਟ ਜਰੀਏ ਦੇਣ ਦਾ ਐਲਾਨ ਕੀਤਾ ਤਾਂ ਉਮੀਦ ਸੀ ਕਿ ਇਹ ਸਰਕਾਰੀ ਮਦਦ ਕੈਨੇਡਾ ਵਿੱਚ ਪੱਤਰਕਾਰੀ ਲਈ ਸਹੀ ਕਦਮ ਸਾਬਤ ਹੋਵੇਗਾ। ਇਸ ਉਮੀਦ ਨੂੰ ਪਹਿਲੇ ਦਿਨ ਤੋਂ ਹੀ ਢਾਹ ਲੱਗਣੀ ਆਰੰਭ ਹੋ ਗਈ ਸੀ ਜਦੋਂ ਸਰਕਾਰ ਵੱਲੋਂ ਅਪਣਾਈ ਗਈ ਪੱਖਪਾਤੀ ਪਹੁੰਚ ਬਾਰੇ ਗੱਲਾਂ ਨਸ਼ਰ ਹੋਈਆਂ। ਮਿਸਾਲ ਵਜੋਂ ਸਰਕਾਰ ਨੇ ਇੱਕ ਸਲਾਹਕਾਰ ਕਮੇਟੀ ਬਣਾਈ ਜਿਸਨੇ ਇਹ ਤੈਅ ਕਰਨਾ ਸੀ ਕਿ ਕਿਸ ਅਦਾਰੇ ਨੂੰ ਕਿੰਨੇ ਪੈਸੇ ਦਿੱਤੇ ਜਾਣ। ਜਿਹੜੀਆਂ ਛੇ ਆਰਗੇਨਾਈਜ਼ੇਸ਼ਨ ਨੂੰ ਜਸਟਿਨ ਟਰੂਡੋ ਸਰਕਾਰ ਵੱਲੋਂ 600 ਮਿਲੀਅਨ ਡਾਲਰ ਦੇ ਟੈਕਸ ਕਰੈਡਿਟ ਦੇਣ ਲਈ ਚੁਣਿਆ ਗਿਆ, ਉਹਨਾਂ ਵਿੱਚ News Media Canada, Association de la presse francophone, the Quebec Community Newspapers Association, National Ethnic Press and Media Council of Canada, Community Radio Fund of Canada, the Canadian Association of Community Television Users and Stations, and the Fédération des télévisions communautaires autonomes du Québec ਸ਼ਾਮਲ ਸਨ। ਜੇ ਇਹਨਾਂ ਦੇ ਪਿਛੋਕੜ ਨੂੰ ਵੇਖਿਆ ਜਾਵੇ ਤਾਂ ਦੋ ਮੁਲਾਜ਼ਮ ਯੂਨੀਅਨਾਂ, 6 ਮੀਡੀਆ ਇੰਡਸਟਰੀ ਦੇ ਅੰਦਰਲੇ ਭੇਤ ਜਾਨਣ ਲਈ ਕੰਮ ਕਰਨ ਵਾਲੀਆਂ ਜਿਵੇਂ ਕਿ ਨੈਸ਼ਨਲ ਐਥਨਿਕ ਪ੍ਰੈੱਸ ਅਤੇ ਮੀਡੀਆ ਕਾਉਂਸਲ ਆਫ ਕੈਨੇਡਾ, ਅਤੇ ਚਾਰ ਫਰੈਂਕੋਫੋਨ ਅਦਾਰੇ ਹਨ। ਸਲਾਹਕਾਰ ਕਮੇਟੀ ਦੇ ਸਮੁੱਚੇ ਗਠਨ ਵਿੱਚ ਸੁਤੰਤਰ ਰੂਪ ਵਿੱਚ ਮੀਡੀਆ ਵਜੋਂ ਕੰਮ ਕਰਨ ਵਾਲੀ ਕੋਈ ਵੀ ਸੰਸਥਾ ਨਹੀਂ ਸੀ।

ਜੇ ਮੇਨਸਟਰੀਮ ਮੀਡੀਆ ਦੀ ਗੱਲ ਕੀਤੀ ਜਾਵੇ ਤਾਂ ਟੋਰਾਂਟੋ ਸਟਾਰ ਨੂੰ ਇੱਕ ਹਫਤੇ ਵਿੱਚ ਸਵਾ ਲੱਖ ਡਾਲਰ ਮਿਲਣੇ ਸਨ। ਇਸ ਅਦਾਰੇ ਨੂੰ ਕੁੱਲ ਡਾਲਰ ਐਨੇ ਕੁ ਡਾਲਰ ਮਿਲ ਜਾਣੇ ਸਨ ਕਿ ਇਸਦੇ ਹਰ ਮੁਲਾਜ਼ਮ ਨੂੰ 16 ਹਜ਼ਾਰੇ ਦੇ ਕਰੀਬ ਡਾਲਰ ਪ੍ਰਾਪਤ ਹੋ ਸਕਦੇ ਹਨ। ਸੁਆਲ ਹੈ ਕਿ ਡਾਲਰਾਂ ਦੇ ਗੱਫੇ ਜੇਬ ਵਿੱਚ ਪਾਉਣ ਵਾਲਾ ਪੱਤਰਕਾਰ, ਫੋਟੋਗਰਾਫਰ ਜਾਂ ਐਡੀਟਰ ਕਿੰਨਾ ਕੁ ਨਿਰਪੱਖ ਹੋ ਸਕਦਾ ਹੈ। ਜੇ ਯੂਨੀਅਨਾਂ ਦੀ ਗੱਲ ਕੀਤੀ ਜਾਵੇ ਤਾਂ ਯੂਨੀਫਰ ਦੇ ਚੀਫ਼ ਐਗਜ਼ੈਕਟਿਵ ਜੈਰੀ ਡਾਇਸ ਨੇ ਆਪਣੇ ਸੋਸ਼ਲ ਮੀਡੀਆ ਉੱਤੇ ਜਨਤਕ ਰੂਪ ਵਿੱਚ ਕਿਹਾ ਸੀ ਕਿ ਉਹ ਅਤੇ ਉਸਦੀ ਯੂਨੀਅਨ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਂਡਰੀਊ ਸ਼ੀਅਰ ਲਈ 'ਸੱਭ ਤੋਂ ਵੱਡੀ ਸਿਰਦਰਦੀ' ਹੈ। ਕੀ ਅਜਿਹੀ ਯੂਨੀਅਨ ਦੇ ਨੁਮਾਇੰਦਿਆਂ ਦਾ ਸਲਾਹਕਾਰ ਕਮੇਟੀ ਵਿੱਚ ਸ਼ਾਮਲ ਕਰਨਾ ਯੋਗ ਗੱਲ ਸੀ?

ਦਿੱਤੇ ਜਾਣ ਵਾਲੇ 600 ਮਿਲੀਅਨ ਡਾਲਰਾਂ ਨੂੰ ਵੰਡਣ ਲਈ ਸਰਕਾਰ ਨੇ ਕਿਹੋ ਜਿਹਾ ਏਜੰਡਾ ਅਖਤਿਆਰ ਕੀਤਾ ਹੋਵੇਗਾ, ਇਸਦਾ ਅੰਦਾਜ਼ਾ ਇਸਤੋਂ ਲਾਇਆ ਜਾ ਸਕਦਾ ਹੈ ਕਿ ਕੈਨੇਡੀਅਨ ਐਸੋਸੀਏਸ਼ਨ ਆਫ ਜਰਨਲਿਸਟਸ (Canadian Association of Journalists) ਦੇ ਇੱਕ ਕਾਰਕੁਨ ਨੇ ਫੈਡਰਲ ਖਜਾਨਾ ਵਿਭਾਗ ਤੋਂ ਉਸ ਪੱਤਰ ਦੀ ਕਾਪੀ ਹਾਸਲ ਕੀਤੀ ਗਈ ਜਿਸ ਵਿੱਚ ਸਲਾਹਕਾਰ ਕਮੇਟੀ ਦੀਆਂ ਵੱਖੋ ਵੱਖ ਮੀਡੀਆ ਅਦਾਰਿਆਂ ਨੂੰ ਡਾਲਰ ਦਿੱਤੇ ਜਾਣ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਸਨ। Access to Information and Privacy (ATIP) ਤਹਿਤ ਕੀਤੀ ਅਰਜ਼ੀ ਦੇ ਜਵਾਬ ਵਿੱਚ ਮਹਿਕਮੇ ਨੇ ਲਿਖਿਆ ਸੀ ਕਿ ਤੁਹਾਡੇ ਜ਼ਿਆਦਾਤਰ ਸੁਆਲਾਂ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਹ ਸੁਆਲ ਸਰਕਾਰ ਵੱਲੋਂ ਮਹਿਕਮੇ ਦੇ ਵਜ਼ੀਰ ਨਾਲ ਸਾਂਝੀ ਕੀਤੀ ਸਰਕਾਰੀ ਪਾਲਸੀ ਨਾਲ ਸਬੰਧਿਤ ਹਨ। ਜੇ ਮੀਡੀਆ ਨੂੰ ਦਿੱਤੇ ਜਾਣ ਵਾਲੇ ਡਾਲਰਾਂ ਦਾ ਬਟਵਾਰਾ ਜਨਤਕ ਨਹੀਂ ਕੀਤਾ ਜਾ ਸਕਦਾ ਤਾਂ ਫੇਰ ਹੋਰ ਮਹਿਕਮਿਆਂ ਦਾ ਕੀ ਹਾਲ ਹੋਵੇਗਾ?

ਮੇਨ-ਸਟਰੀਮ ਮੀਡੀਆ ਕੋਲ ਤਾਂ ਫੇਰ ਵੀ ਸਾਧਨ ਹੁੰਦੇ ਹਨ ਕਿ ਉਹ ਸਰਕਾਰ ਦੇ ਗਲ ਅੰਗੂਠਾ ਦੇ ਕੇ ਜਾਣਕਾਰੀ ਹਾਸਲ ਕਰ ਸਕਦੇ ਹਨ, ਔਖੇ ਸੁਆਲ ਪੁੱਛ ਸਕਦੇ ਹਨ ਅਤੇ ਮਿਲਣ ਵਾਲੀਆਂ ਗਰਾਂਟਾਂ ਲਈ ਦੌੜ ਭੱਜ ਕਰ ਸਕਦੇ ਹਨ। ਇਸਦੇ ਉਲਟ ਐਥਨਿਕ ਮੀਡੀਆ ਨੇ ਉਂਗਲਾਂ ਉੱਤੇ ਗਿਣੇ ਜਾਣ ਵਾਲੇ ਸਟਾਫ਼ ਨਾਲ ਦਿਨ ਕਟੀ ਕਰਨੀ ਹੁੰਦੀ ਹੈ। ਕਈ ਐਥਨਿਕ ਮੀਡੀਆ ਅਦਾਰੇ ਤਾਂ ਮਹਿਜ਼ 'ਕੱਲੇ ਕਾਰੇ' ਮਾਲਕ ਤੱਕ ਹੀ ਸੀਮਤ ਹੁੰਦੇ ਹਨ। ਇਹਨਾਂ ਕੋਲ ਸਰਕਾਰੀ ਗਰਾਂਟਾਂ ਲੈਣ ਵਾਸਤੇ ਚੱਕਰ ਮਾਰਨ ਦਾ ਸਮਾਂ, ਗਰਾਂਟਾਂ ਲਿਖਣ ਲਈ ਲੋੜੀਂਦੇ ਸਾਧਨ ਅਤੇ ਸਰਕਾਰੀ ਤੰਤਰ ਵਿੱਚ ਬਣਦੀ ਪਹੁੰਚ ਬਣਾਉਣ ਦੇ ਵਸੀਲੇ ਹੋਣਾ ਅਸਮਾਨੀਂ ਟਾਕੀ ਲਾਉਣ ਵਾਲੀ ਗੱਲ ਹੋ ਸਕਦੀ ਹੈ। ਸਾਡੇ ਸਿਆਸਤਦਾਨ ਵੀ ਸੰਭਾਵੀ ਫੰਡਾਂ ਬਾਰੇ ਐਥਨਿਕ ਮੀਡੀਆ ਨਾਲ ਪਤਾਂ ਨਹੀਂ ਕਿਸ ਗੱਲੋਂ ਡਰਦੇ ਕੋਈ ਗੱਲ ਸਾਂਝੀ ਨਹੀਂ ਕਰਦੇ। ਸਿੱਟੇ ਵਜੋਂ ਨੈਸ਼ਨਲ ਐਥਨਿਕ ਪ੍ਰੈੱਸ ਅਤੇ ਮੀਡੀਆ ਕਾਉਂਸਲ ਵਰਗੇ ਸੱਤਾ ਦੇ ਗਲਿਆਰਿਆਂ ਵਿੱਚ ਘੁੰਮਦੇ ਉੱਤੇ 2 ਤੋਂ ਮਲਾਈ ਲਾ ਕੇ ਤੁਰਦੇ ਬਣਦੇ ਹਨ। ਜ਼ਮੀਨੀ ਪੱਧਰ ਉੱਤੇ ਕੰਮ ਕਰਨ ਵਾਲੇ ਐਥਨਿਕ ਮੀਡੀਆ ਪੱਲੇ ਰਹਿ ਜਾਂਦਾ ਹੈ ਚੋਣਾਂ ਦੇ ਦਿਨਾਂ ਵਿੱਚ ਸਿਆਸੀ ਪਾਰਟੀਆਂ ਦੀਆਂ ਆਸ਼ਾਵਾਂ ਦਾ ਬੋਝ। ਬੋਝ ਪਾਉਣ ਵਾਲੇ ਇਹਨਾਂ ਆਕਾਵਾਂ ਨੂੰ ਆਮ ਦਿਨਾਂ ਵਿੱਚ ਐਥਨਿਕ ਮੀਡੀਆ ਦਾ ਕੋਈ ਖਿਆਲ ਨਹੀਂ ਆਉਂਦਾ।

## ਨਵੀਂ ਨਾਫਟਾ ਡੀਲ ਦੇ ਰਾਹ 'ਚ ਅੜਿਕਾ ਡਾਹੇਗੀ ਬਲਾਕ ਕਿਊਬਿਕੂਆ?

...ਪੰਨਾ 1 ਦਾ ਬਾਕੀ

ਬਲੈਂਚੈਟ ਨੇ ਆਖਿਆ ਕਿ ਦਸੰਬਰ ਵਿੱਚ ਸਿਰੇ ਚੜ੍ਹੀ ਇਸ ਡੀਲ ਵਿੱਚ ਕਿਊਬਿਕ ਦੀ ਐਲੂਮੀਨੀਅਮ ਇੰਡਸਟਰੀ ਨੂੰ ਉਹ ਹਿਫਾਜ਼ਤ ਮੁਹੱਈਆ ਨਹੀਂ ਕਰਵਾਈ ਜਾਵੇਗੀ ਜਿਹੜੀ ਸਟੀਲ ਇੰਡਸਟਰੀ ਜਾਂ ਓਨਟਾਰੀਓ ਦੇ ਆਟੋ ਮੈਨੂਫੈਕਚਰਿੰਗ ਸੈਕਟਰ ਨੂੰ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਆਖਿਆ ਕਿ ਅਜੇ ਇਸ ਡੀਲ ਬਾਰੇ ਗੱਲਬਾਤ ਮੁੱਕੀ ਨਹੀਂ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ, ਮੈਕਸਿਕੋ ਤੇ ਅਮਰੀਕਾ ਨੇ ਅਸਲ ਵਿੱਚ ਇੱਕ ਸਾਲ ਪਹਿਲਾਂ ਮੁੜ ਵਿਚਾਰੇ ਗਏ ਨੌਰਥ ਅਮੈਰੀਕਨ ਫਰੀ ਟਰੇਡ ਪੈਕਟ ਉੱਤੇ ਦਸਤਖ਼ਤ ਕੀਤੇ ਸਨ ਪਰ ਮੈਕਸਿਕੋ ਨਾਲ ਲੇਬਰ ਅਧਿਕਾਰਾਂ ਦੇ ਵੱਖਰੇਵੇਂ ਤੇ ਸਟੀਲ ਤੇ ਐਲੂਮੀਨੀਅਮ ਸੈਕਟਰ ਨਾਲ ਕੀਤੇ ਜਾਣ ਵਾਲੇ ਸਲੂਕ ਦੇ ਚੱਲਦਿਆਂ ਕਾਂਗਰਸ ਵਿੱਚ ਸ਼ਾਮਲ ਡੈਮੋਕ੍ਰੈਟਸ ਨੇ ਇਸ ਦੀ ਪੁਸ਼ਟੀ ਕੀਤੇ ਜਾਣ ਵਿੱਚ ਅੜਿਕਾ ਡਾਹ ਦਿੱਤਾ ਸੀ। ਬਲੈਂਚੈਟ ਨੇ ਆਖਿਆ ਕਿ ਬਲਾਕ ਦੇ ਖੋਜਾਰਥੀ ਇਸ ਨਵੇਂ ਸਮਝੌਤੇ ਦਾ ਅਧਿਐਨ ਕਰ ਰਹੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਪ੍ਰੋਵਿੰਸ ਦੀ ਐਲੂਮੀਨੀਅਮ ਇੰਡਸਟਰੀ ਲਈ ਇਸ ਸਮਝੌਤੇ ਦਾ ਮੁਲਾਂਕਣ ਸਹੀ ਨਹੀਂ ਹੈ। ਇਸ ਤੋਂ ਇਲਾਵਾ ਅਸਮਾਨਤਾ ਦਾ ਸਾਰਾ ਭਾਰ ਇਕੱਲੇ ਕਿਊਬਿਕ ਉੱਤੇ ਪੈ ਰਿਹਾ ਹੈ। ਇਸ ਲਈ ਕਿਊਬਿਕ ਦੇ ਹਿਤਾਂ ਦੀ ਰਾਖੀ ਲਈ ਉਹ ਘੱਟਗਿਣਤੀ ਪਾਰਲੀਆਮੈਂਟ ਵਿੱਚ ਇਸ ਡੀਲ ਦੀ ਪੁਸ਼ਟੀ ਕਰਨ ਦੇ ਰਾਹ ਵਿੱਚ ਅੜਿੱਕਾ ਡਾਹੁਣਗੇ।

## ਬਚਾਅ ਪੱਖ ਦੇ ਵਕੀਲਾਂ ਦੀ ਦਲੀਲ : ਮੈਂਗ ਖਿਲਾਫ ਲਾਏ ਦੋਸ਼ ਕੈਨੇਡਾ ਵਿੱਚ ਨਹੀਂ ਮੰਨੇ ਜਾਂਦੇ ਫਰਾਡ

...ਪੰਨਾ 1 ਦਾ ਬਾਕੀ

ਮੈਂਗ ਦੀ ਹਵਾਲਗੀ ਸਬੰਧੀ ਚੱਲ ਰਹੀ ਸੁਣਵਾਈ ਦੇ ਦੂਜੇ ਦਿਨ ਭਾਵ ਮੰਗਲਵਾਰ ਨੂੰ ਸਕੌਟ ਫੈਂਟਨ ਨੇ ਬ੍ਰਿਟਿਸ਼ ਕੋਲੰਬੀਆ ਦੇ ਸੁਪਰੀਮ ਕੋਰਟ ਜੱਜ ਨੂੰ ਦੱਸਿਆ ਕਿ ਕੈਨੇਡਾ ਵਿੱਚ ਉਦੋਂ ਤੱਕ ਲੋਕਾਂ ਨੂੰ ਫਰਾਡ ਦਾ ਦੋਸ਼ੀ ਨਹੀਂ ਠਹਿਰਾਇਆ ਜਾਂਦਾ ਜਦੋਂ ਤੱਕ ਉਨ੍ਹਾਂ ਦੀ ਗੜਬੜੀ ਕਾਰਨ ਕੋਈ ਨੁਕਸਾਨ ਨਹੀਂ ਪਹੁੰਚਦਾ ਜਾਂ ਨੁਕਸਾਨ ਦਾ ਖਤਰਾ ਨਹੀਂ ਹੁੰਦਾ।

ਜ਼ਿਕਰਯੋਗ ਹੈ ਕਿ ਅਮਰੀਕਾ ਵੱਲੋਂ ਮੈਂਗ ਉੱਤੇ ਇਰਾਨ ਵਿੱਚ ਹੁਆਵੇਈ ਦੀ ਸਬਸਿਡਰੀ ਬਾਰੇ ਐਚਐਸਬੀਸੀ ਕੋਲ ਝੂਠ ਬੋਲਣ ਦਾ ਦੋਸ਼ ਲਾਇਆ ਗਿਆ ਹੈ, ਜਿਸ ਕਾਰਨ ਅਮਰੀਕੀ ਪਾਬੰਦੀਆਂ ਦੀ ਉਲੰਘਣਾਂ ਕਰਨ ਲਈ ਬੈਂਕ ਉੱਤੇ ਕ੍ਰਿਮੀਨਲ ਤੇ ਸਿਵਲ ਪਾਬੰਦੀਆਂ ਦਾ ਖਤਰਾ ਮੰਡਰਾ ਰਿਹਾ ਹੈ।

ਫੈਂਟਨ ਨੇ ਆਖਿਆ ਕਿ ਕੈਨੇਡਾ ਨੇ ਇਰਾਨ ਉੱਤੇ ਅਮਰੀਕਾ ਵਰਗੀਆਂ ਪਾਬੰਦੀਆਂ ਨਹੀਂ ਲਾਈਆਂ ਹੋਈਆਂ ਤੇ ਇਸ ਲਈ ਮੈਂਗ ਦੇ ਖਿਲਾਫ ਫਰਾਡ ਦਾ ਮਾਮਲਾ ਸਿੱਧ ਕਰਨਾ ਸੰਭਵ ਨਹੀਂ ਹੈ ਕਿਉਂਕਿ ਬੈਂਕ ਨੂੰ ਕੈਨੇਡਾ ਵਿੱਚ ਕਿਸੇ ਤਰ੍ਹਾਂ ਦਾ ਖਤਰਾ ਨਹੀਂ ਹੋਵੇਗਾ। ਇਸ ਹਫਤੇ ਵੈਨਕੂਵਰ ਵਿੱਚ ਚੱਲ ਰਹੀ ਸੁਣਵਾਈ ਦੂਹਰੀ ਕ੍ਰਿਮੀਨੈਲਟੀ ਮਾਮਲੇ ਦੀ ਕਾਨੂੰਨੀ ਜਾਂਚ ਉੱਤੇ ਕੇਂਦਰਿਤ ਹੈ। ਜਿਸ ਤੋਂ ਭਾਵ ਹੈ ਕਿ ਮੈਂਗ ਦਾ ਇਹ ਕੰਮ ਕਥਿਤ ਤੌਰ ਉੱਤੇ ਕੈਨੇਡਾ ਵਿੱਚ ਵੀ ਗੈਰਕਾਨੂੰਨੀ ਹੋਣਾ ਚਾਹੀਦਾ ਹੈ ਜਿਸ ਦੇ ਆਧਾਰ ਉੱਤੇ ਉਸ ਨੂੰ ਅਮਰੀਕਾ ਹਵਾਲੇ ਕੀਤਾ ਜਾ ਸਕੇ।

ਇਸ ਮਾਮਲੇ ਕਾਰਨ ਕੈਨੇਡਾ ਤੇ ਚੀਨ ਦੇ ਸਬੰਧਾਂ ਵਿੱਚ ਕਾਫੀ ਕੁੜੱਤਣ ਵੱਧ ਗਈ। ਬੀਜਿੰਗ ਵੱਲੋਂ ਮੈਂਗ ਉੱਤੇ ਲਾਏ ਗਏ ਚਾਰਜਿਜ਼ ਨੂੰ ਸਿਆਸੀ ਦੱਸਿਆ ਜਾ ਰਿਹਾ ਹੈ ਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਚੀਨ ਵਿੱਚ ਨਜ਼ਰਬੰਦ ਕੀਤੇ ਗਏ ਦੋ ਕੈਨੇਡੀਅਨਾਂ ਨੂੰ ਰਿਹਾਅ ਕਰਵਾਉਣ ਲਈ ਅਰਜ਼ੋਈ ਕੀਤੀ ਜਾ ਰਹੀ ਹੈ। 2016 ਵਿੱਚ ਇਰਾਨ ਨਾਲ ਵਿਸ਼ਵ ਸ਼ਕਤੀਆਂ ਵੱਲੋਂ ਪ੍ਰਮਾਣੂ ਸਮਝੌਤੇ ਉੱਤੇ ਪਹੁੰਚਣ ਤੋਂ ਬਾਅਦ ਕੈਨੇਡਾ ਨੇ ਇਰਾਨ ਉੱਤੇ ਲਾਈਆਂ ਗਈਆਂ ਪਾਬੰਦੀਆਂ ਹਟਾ ਲਈਆਂ ਸਨ। ਅਮਰੀਕਾ 2018 ਵਿੱਚ ਇਸ ਡੀਲ ਤੋਂ ਪਿੱਛੇ ਹੋ ਗਿਆ ਸੀ ਤੇ ਉਸ ਨੇ ਨਾ ਸਿਰਫ ਇਹ ਪਾਬੰਦੀਆਂ ਮੁੜ ਇਰਾਨ ਉੱਤੇ ਲਾ ਦਿੱਤੀਆਂ ਸਨ ਸਗੋਂ ਹੋਰ ਨਵੀਆਂ ਪੈਨਲਟੀਜ਼ ਵੀ ਮੜ੍ਹ ਦਿੱਤੀਆਂ ਸਨ।

ਮੈਂਗ ਦੇ ਦੂਜੇ ਵਕੀਲ ਐਰਿਕ ਗੋਟਾਰਡੀ ਨੇ ਆਖਿਆ ਕਿ ਦੂਹਰੀ ਕ੍ਰਿਮੀਨੈਲਟੀ ਦਾ ਸਿਧਾਂਤ ਇਹ ਵੀ ਆਖਦਾ ਹੈ ਕਿ ਕਿਸੇ ਨੂੰ ਵੀ ਉਸ ਕੰਮ ਲਈ ਅਮਰੀਕਾ ਹਵਾਲੇ ਨਹੀਂ ਕੀਤਾ ਜਾ ਸਕਦਾ ਜੇ ਉਹ ਕੰਮ ਕੈਨੇਡਾ ਵਿੱਚ ਮੁਜਰਮਾਨਾ ਨਹੀਂ ਹੈ। ਉਨ੍ਹਾਂ ਆਖਿਆ ਕਿ ਮੈਂਗ ਖਿਲਾਫ ਇਹ ਮਾਮਲਾ ਸਿਰਫ ਕਾਨੂੰਨੀ ਟੈਸਟ ਦੇ ਹੀ ਵਿਰੋਧਾਭਾਸੀ ਨਹੀਂ ਹੈ ਸਗੋਂ ਇਹ ਕੈਨੇਡੀਅਨਾਂ ਦੀਆਂ ਕਦਰਾਂ ਕੀਮਤਾਂ ਦੇ ਵੀ ਵਿਰੋਧਾਭਾਸੀ ਹੈ ਕਿਉਂਕਿ ਕੈਨੇਡਾ ਨੇ ਇਰਾਨ ਖਿਲਾਫ ਪਾਬੰਦੀਆਂ ਨਹੀਂ ਲਾਈਆਂ ਹੋਈਆਂ।

ਮੈਂਗ ਦੇ ਵਕੀਲਾਂ ਵੱਲੋਂ ਮੰਗਲਵਾਰ ਤੱਕ ਆਪਣੇ ਤਰਕ ਪੇਸ਼ ਕੀਤੇ ਜਾਣੇ ਸਨ ਤੇ ਕ੍ਰਾਊਨ ਇਸ ਬਾਰੇ ਬੁੱਧਵਾਰ ਨੂੰ ਪ੍ਰਤੀਕਿਰਿਆ ਦੇਵੇਗਾ। ਜੇ ਹੋਮਜ਼ ਨੂੰ ਲੱਗਿਆ ਕਿ ਮੈਂਗ ਖਿਲਾਫ ਕਾਨੂੰਨੀ ਕਾਰਵਾਈ ਆਧਾਰਹੀਨ ਹੈ ਤਾਂ ਉਸ ਨੂੰ ਕੈਨੇਡਾ ਛੱਡਣ ਦੀ ਇਜਾਜ਼ਤ ਦੇ ਦਿੱਤੀ ਜਾਵੇਗੀ। ਪਰ ਜੇ ਜੱਜ ਨੇ ਪਾਇਆ ਕਿ ਦੋਹਰੀ ਕ੍ਰਿਮੀਨੈਲਟੀ ਦਾ ਮਾਮਲਾ ਸਹੀ ਹੈ ਤਾਂ ਇਹ ਸੁਣਵਾਈ ਦੂਜੇ ਪੜਾਅ ਵਿੱਚ ਪਹੁੰਚ ਜਾਵੇਗੀ।

## ਟੋਰੀ ਲੀਡਰਸ਼ਿਪ ਦੌੜ ਤੋਂ ਪਾਸੇ ਹਟੇ ਚਾਰੈਸਟ

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਉਹ ਆਪਣੇ ਪਰਿਵਾਰ ਵਿੱਚ ਕਾਫੀ ਖੁਸ਼ ਹਨ। ਚਾਰੈਸਟ ਨੇ ਇਸ ਬਿਆਨ ਵਿੱਚ ਆਖਿਆ ਕਿ ਚੰਗੀ ਤਰ੍ਹਾਂ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਉਹ ਇਸ ਫੈਸਲੇ ਉੱਤੇ ਪਹੁੰਚੇ ਹਨ ਕਿ ਇਸ ਲੀਡਰਸ਼ਿਪ ਦੌੜ ਵਿੱਚ ਉਹ ਹਿੱਸਾ ਨਹੀਂ ਲੈਣਗੇ। ਉਨ੍ਹਾਂ ਆਖਿਆ ਕਿ ਜਿਨ੍ਹਾਂ ਨੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਉਨ੍ਹਾਂ ਦੇ ਸਮਰਥਨ ਵਿੱਚ ਨਿੱਤਰੇ ਉਨ੍ਹਾਂ ਸਾਰਿਆਂ ਦਾ ਉਹ ਧੰਨਵਾਦ ਕਰਦੇ ਹਨ। ਇਹ ਵੀ ਪਤਾ ਲੱਗਿਆ ਹੈ ਕਿ ਤਿੰਨ ਮੁੱਖ ਕਾਰਨਾਂ ਕਰਕੇ ਉਨ੍ਹਾਂ ਆਪਣਾ ਨਾਂ ਇਸ ਦੌੜ ਵਿੱਚੋਂ ਵਾਪਿਸ ਲਿਆ ਹੈ, ਸਭ ਤੋਂ ਪਹਿਲਾ ਕਾਰਨ ਹੈ ਇਸ ਲੀਡਰਸ਼ਿਪ ਦੌੜ ਲਈ ਸਖ਼ਤ ਨਿਯਮਾਂ ਦਾ ਹੋਣਾ। ਇਸ ਨਿਯਮ ਤਹਿਤ ਲੀਡਰਸ਼ਿਪ ਦੌੜ ਦੇ ਦਾਅਵੇਦਾਰਾਂ ਨੂੰ ਆਪਣੀਆਂ ਅਰਜ਼ੀਆਂ 27 ਫਰਵਰੀ ਤੱਕ ਜਮ੍ਹਾਂ ਕਰਵਾਉਣੀਆਂ ਹੋਣਗੀਆਂ ਤੇ 25 ਮਾਰਚ ਤੱਕ 3,000 ਸਮਰਥਕਾਂ ਦੇ ਦਸਤਖ਼ਤ ਹਾਸਲ ਕਰਨੇ ਹੋਣਗੇ। ਕਿਸੇ ਉਮੀਦਵਾਰ ਦੇ ਲੀਡਰਸ਼ਿਪ ਸਬੰਧੀ ਨਾਮਜ਼ਦਗੀ ਕਾਗਜ਼ਾਂ ਉੱਤੇ ਦਸਤਖ਼ਤ ਕਰਨ ਵਾਲੇ ਸਮਰਥਕਾਂ ਨੂੰ ਸਹੀ ਪਾਉਣ ਤੋਂ 21 ਦਿਨ ਪਹਿਲਾਂ ਪਾਰਟੀ ਮੈਂਬਰ ਬਣਨਾ ਜ਼ਰੂਰੀ ਹੈ।



ਇਸ ਦੌੜ ਲਈ ਉਮੀਦਵਾਰਾਂ ਨੂੰ ਦਾਖਲਾ ਫੀਸ ਵਜੋਂ 200,000 ਡਾਲਰ ਤਾਂ ਜਮ੍ਹਾਂ ਕਰਵਾਉਣੇ ਹੀ ਹੋਣਗੇ ਸਗੋਂ 100,000 ਡਾਲਰ ਹੋਰ ਕੰਪਲਾਇੰਸ ਡਿਪਾਜ਼ਿਟ ਵਜੋਂ ਵੀ ਜਮ੍ਹਾਂ ਕਰਵਾਉਣੇ ਹੋਣਗੇ। ਚਾਰੈਸਟ ਨੇ ਆਖਿਆ ਕਿ ਸੀਪੀਸੀ ਵੱਲੋਂ ਕਾਇਮ ਲੀਡਰਸ਼ਿਪ ਮੁਕਾਬਲੇ ਦੇ ਇਹ ਨਿਯਮ ਬਾਹਰੀ ਉਮੀਦਵਾਰਾਂ ਦੇ ਪੱਖ ਵਿੱਚ ਨਹੀਂ ਹਨ। ਇਸ ਲਈ ਸਮਾਂ ਸੀਮਾਂ ਵੀ ਬਹੁਤ ਘੱਟ ਹੈ। ਚਾਰੈਸਟ, ਜਿਨ੍ਹਾਂ ਨੇ 2003 ਤੋਂ 2012 ਦਰਮਿਆਨ ਕਿਊਬਿਕ ਦੇ ਲਿਬਰਲ ਪ੍ਰੀਮੀਅਰ ਵਜੋਂ ਸੇਵਾ ਨਿਭਾਈ, ਨੇ ਇਹ ਵੀ ਆਖਿਆ ਕਿ ਉਨ੍ਹਾਂ ਦੇ ਪਾਰਟੀ ਛੱਡਣ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ ਵਿੱਚ ਕਾਫੀ ਤਬਦੀਲੀਆਂ ਆਈਆਂ ਹਨ।

ਉਨ੍ਹਾਂ ਇਹ ਵੀ ਆਖਿਆ ਕਿ ਉਹ ਆਪਣੀ ਪਰਿਵਾਰਕ ਜ਼ਿੰਦਗੀ ਤੋਂ ਖੁਸ਼ ਹਨ ਤੇ ਆਪਣੀ ਲਾਅ ਫਰਮ ਮੈਕਾਰਥੀ ਟੇਟਰਾਲਟ ਨਾਲ ਪੂਰੀ ਸਰਗਰਮੀ ਨਾਲ ਪ੍ਰੈਕਟਿਸ ਕਰਕੇ ਵੀ ਸੰਤੁਸ਼ਟ ਹਨ। ਉਨ੍ਹਾਂ ਦੇ ਇਸ ਦੌੜ ਵਿੱਚੋਂ ਪਾਸੇ ਹੋਣ ਦਾ ਇਹ ਵੀ ਵੱਡਾ ਕਾਰਨ ਹੈ। ਪਿੱਛੇ ਜਿਹੇ ਮੀਡੀਆ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 2014 ਤੋਂ ਚਾਰੈਸਟ ਖਿਲਾਫ ਕਿਊਬਿਕ ਦੀ ਐਂਟੀ ਕੁਰਪਸ਼ਨ ਯੂਨਿਟ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਚਾਰੈਸਟ ਨੂੰ ਕਦੇ ਕਿਸੇ ਜੁਰਮ ਲਈ ਚਾਰਜ ਨਹੀਂ ਕੀਤਾ ਗਿਆ। ਪਰ ਲੀਡਰਸ਼ਿਪ ਦੌੜ ਲਈ ਚਾਰੈਸਟ ਦੇ ਬਿਆਨ ਵਿੱਚ ਇਨ੍ਹਾਂ ਦੋਸ਼ਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।

## ਚੰਡੀਗੜ੍ਹ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਚੰਡੀਗੜ੍ਹ ਪੁਲਿਸ ਦੇ ਹੈਕਾਥਨ ਮੁਕਾਬਲੇ 'ਚ ਜਿੱਤਿਆ ਖਿਤਾਬ



ਚੰਡੀਗੜ੍ਹ 21 ਜਨਵਰੀ : ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੇ ਵਿਦਿਆਰਥੀਆਂ ਨੇ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਹੋਰ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਂਦਿਆਂ ਮੈਰਿਟ ਪੁਜੀਸ਼ਨਾਂ 'ਤੇ ਬਰਕਰਾਰ ਰਹਿਣਾ ਬਾ-ਦਸਤੂਰ ਜਾਰੀ ਹੈ। ਬੀਤੇ ਦਿਨੀ ਚੰਡੀਗੜ੍ਹ ਪੁਲਿਸ ਵੱਲੋਂ ਕਰਵਾਏ ਹੈਕਾਥਨ ਮੁਕਾਬਲਿਆਂ ਵਿੱਚ 'ਵਰਸਿਟੀ ਦੇ ਕੰਪਿਊਟਰ ਸਾਇੰਸ ਇੰਜੀਨੀਅਰਿੰਗ 'ਚ ਤੀਜੇ ਸਾਲ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਕਰਨ ਜਾਖੜ, ਹਰਨੂਰ ਸਿੰਘ ਅਤੇ ਰੀਤਿਕ ਸ਼ਰਮਾ ਨੇ 'ਬੈਸਟ ਹੈਕਰ' ਦਾ ਖਿਤਾਬ ਹਾਸਲ ਕਰਦਿਆਂ ਇੱਕ ਲੱਖ ਰੁਪਏ ਅਤੇ ਇੱਕ ਲੈਪਟਾਪ ਦਾ ਇਨਾਮ ਆਪਣੇ ਨਾਮ ਕੀਤਾ ਹੈ। ਇਹ ਜਾਣਕਾਰੀ ਚੰਡੀਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ.ਆਰ.ਐਸ ਬਾਵਾ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਚੰਡੀਗੜ੍ਹ ਪੁਲਿਸ ਵੱਲੋਂ ਪੁਲਿਸ ਲਾਈਨ ਸੈਕਟਰ 26 ਵਿੱਚ ਕਰਵਾਏ ਨਵੀਨਤਮ, ਦਿਲਚਸਪ ਅਤੇ ਚੁਣੌਤੀ ਭਰਪੂਰ ਹੈਕਾਥਨ ਮੁਕਾਬਲੇ ਵਿੱਚ ਦੇਸ਼ ਭਰ ਤੋਂ ਵੱਖ-ਵੱਖ ਵਿਦਿਅਕ ਅਦਾਰਿਆਂ ਅਤੇ ਤਕਨੀਕੀ ਕੰਪਨੀਆਂ ਤੋਂ 58 ਆਈ.ਟੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਇਨਾਮਾਂ ਦੀ ਵੰਡ ਸਟੈਲਰ ਡਾਟਾ ਸਲੀਊਸ਼ਨ ਪ੍ਰਾਈ. ਲਿਮ ਦੇ ਮੁਖੀ ਸ੍ਰੀ ਰਾਜੇਸ਼ ਰਾਣਾ ਅਤੇ ਚੰਡੀਗੜ੍ਹ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਕੀਤੀ ਗਈ।

Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਖਾਣੇ ਦੀ ਹੋਮ ਡਲਿਵਰੀ ਕਰਦੀਆਂ ਕੰਪਨੀਆਂ ਨੂੰ ਖੁਰਾਕ ਸਮੱਗਰੀ ਦੀ ਰੇਟਿੰਗ ਕਰਾਉਣੀ ਹੋਵੇਗੀ

ਪਟਿਆਲਾ, 21 ਜਨਵਰੀ (ਪੋਸਟ ਬਿਊਰੋ)- ਸੂਬੇ ਵਿੱਚ ਖਾਣੇ ਦੀ ਹੋਮ ਡਿਲਿਵਰੀ ਕਰਨ ਵਾਲੀਆਂ ਕੰਪਨੀਆਂ ਦੀ ਖੁਰਾਕ ਸਮੱਗਰੀ ਦੀ ਗੁਣਵੱਤਾ ਜਾਂਚਣ ਲਈ ਸਿਹਤ ਵਿਭਾਗ ਨੇ ਪਹਿਲ ਕੀਤੀ ਹੈ ਅਤੇ ਕੰਪਨੀਆਂ ਨੂੰ ਨੋਟਿਸ ਭੇਜ ਕੇ ਕਿਹਾ ਹੈ ਕਿ ਉਹ ਖੁਰਾਕ ਸਮੱਗਰੀ ਦੀ ਰੇਟਿੰਗ ਕਰਾਉਣ। ਇਸ ਵਿਭਾਗ ਦਾ ਫੈਸਲਾ ਹੈ ਕਿ ਤਿੰਨ ਤੋਂ ਪੰਜ ਰੇਟਿੰਗ ਵਾਲੀ ਖੁਰਾਕ ਸਮੱਗਰੀ ਹੀ ਕੰਪਨੀਆਂ ਸਪਲਾਈ ਕਰ ਸਕਣਗੀਆਂ।

ਪੰਜਾਬ ਸਰਕਾਰ ਦੇ ਮਿਸ਼ਨ ਤੰਦਰੁਸਤ ਦੇ ਡਾਇਰੈਕਟਰ ਕਾਹਨ ਸਿੰਘ ਪੰਨੂ ਮੁਤਾਬਕ ਸੂਬੇ ਵਿੱਚ ਖੁਰਾਕ ਪਦਾਰਥਾਂ ਦੀਆਂ ਦੁਕਾਨਾਂ ਤੋਂ ਚਾਰ ਤੋਂ ਪੰਜ ਕੰਪਨੀਆਂ ਤਿਆਰ ਫੂਡ ਸਪਲਾਈ ਕਰਦੀਆਂ ਹਨ, ਇਹ ਆਨਲਾਈਨ ਆਰਡਰ ਉਤੇ ਘਰ, ਦਫਤਰ, ਕਾਲਜ, ਯੂਨੀਵਰਸਿਟੀ ਜਾਂ ਹੋਸਟਲਾਂ ਤੱਕ ਬਣੀ ਖੁਰਾਕ ਸਮੱਗਰੀ ਪੁਚਾਉਂਦੀਆਂ ਹਨ। ਇਸ ਦੀ ਵਰਤੋਂ ਵਾਲੀ ਖੁਰਾਕ ਸਮੱਗਰੀ ਕਿਸ ਪੱਧਰ ਦੀ ਹੈ ਅਤੇ ਇਸ ਵਿੱਚ ਮਸਾਲੇ ਸਮੇਤ ਹੋਰ ਸਾਮਾਨ ਦੀ ਗੁਣਵੱਤਾ ਕੀ ਹੈ, ਇਸ ਦੀ ਜਾਣਕਾਰੀ ਲੋਕਾਂ ਨੂੰ ਨਹੀਂ ਹੁੰਦੀ। ਆਮ ਤੌਰ 'ਤੇ ਕੰਪਨੀਆਂ ਮਾਰਕੀਟਿੰਗ ਦੀ ਰੇਟਿੰਗ ਕਰਾਉਂਦੀਆਂ ਹਨ, ਖੁਰਾਕ ਸਮੱਗਰੀ ਦੀ ਨਹੀਂ। ਅੱਜਕੱਲ੍ਹ ਲੋਕ ਵੱਡੀ ਗਿਣਤੀ ਵਿੱਚ ਫੂਡ ਡਿਲਿਵਰੀ ਕੰਪਨੀਆਂ ਤੋਂ ਖਾਣ-ਪੀਣ ਦੀ ਸਮੱਗਰੀ ਮੰਗਵਾਉਂਦੇ ਹਨ। ਸਿਹਤ ਵਿਭਾਗ ਦੇ ਅਧਿਕਾਰੀ ਛੇ ਮਹੀਨੇ ਤੋਂ ਇਨ੍ਹਾਂ ਕੰਪਨੀਆਂ ਨੂੰ ਕਹਿ ਰਹੇ ਸਨ ਕਿ ਉਹ ਸਮੱਗਰੀ ਦੀ ਹਾਈਜੀਨ ਦਾ ਧਿਆਨ ਰੱਖਣ।



















# ਗੁਰਦੁਆਰਿਆਂ ਵਿੱਚ ਭਾਰੂ ਹੋਇਆ ਪ੍ਰਬੰਧਕੀ ਆਤੰਕ

-ਬਲਕਾਰ ਸਿੰਘ (ਪ੍ਰੋ.)

ਇਸੇ ਮਹੀਨੇ ਮੈਂ ਆਪਣੇ ਇਕ ਮਿੱਤਰ ਦੀ ਪਤਨੀ ਦੇ ਭੋਗ ਮੌਕੇ ਸਿੰਘ ਸਭਾ ਗੁਰਦੁਆਰਾ ਮਾਲ ਰੋਡ ਪਟਿਆਲਾ ਗਿਆ ਤਾਂ ਵੇਖਿਆ ਕਿ ਵੱਡੀ ਗਿਣਤੀ 70ਵਿਆਂ ਤੋਂ ਟੱਪਿਆਂ ਹੋਇਆਂ ਦੀ ਸੀ। ਮੇਰਾ ਮਿੱਤਰ ਆਪ ਲਕਵੇ ਦਾ ਝੰਬਿਆ ਹੋਇਆ ਹੈ, ਉਹ ਬਾਹਰ ਕੁਰਸੀ ਉੱਤੇ ਬੈਠਾ ਆਉਣ ਵਾਲਿਆਂ ਨੂੰ ਮਿਲ ਰਿਹਾ ਸੀ। ਉਸ ਨੂੰ ਤੁਰਨ ਵਾਸਤੇ ਇਕ ਬੰਦੇ ਦਾ ਸਹਾਰਾ ਲੈਣਾ ਪੈਂਦਾ ਹੈ। ਮੈਂ ਵੀ ਮੱਥਾ ਟੇਕ ਕੇ ਉਸੇ ਕੋਲ ਆ ਗਿਆ। ਉਸ ਦੇ ਧੀ ਜਵਾਈ ਤੇ ਨੂੰਹ ਪੁੱਤ ਕੈਨੇਡਾ ਤੋਂ ਉਚੇਚੇ ਆਏ ਹੋਏ ਸਨ ਅਤੇ ਸਾਰੇ ਪ੍ਰਬੰਧ ਦੀ ਦੇਖ ਭਾਲ ਕਰ ਰਹੇ ਸਨ। ਚਾਹ ਪਾਣੀ ਅਤੇ ਕੁਰਸੀਆਂ ਦਾ ਸ਼ਾਮਿਆਨੇ ਸਮੇਤ ਚੰਗਾ ਪ੍ਰਬੰਧ ਸੀ ਤੇ ਜੋ ਥੱਲੇ ਨਹੀਂ ਬੈਠ ਸਕਦੇ, ਉਹ ਬਾਹਰ ਬੈਠੇ ਸਨ। ਭੋਗ ਪੈਣ ਵੇਲੇ ਪ੍ਰੋ. ਸਿੱਧੂ ਨੂੰ ਪੁੱਛਿਆ ਗਿਆ ਕਿ ਉਹ ਅਰਦਾਸ ਮੌਕੇ ਅੰਦਰ ਜਾਣਾ ਚਾਹੁੰਦੇ ਹਨ? ਉਸ ਦਾ ਉਤਰ ਸੀ ਕਿ ਗੁਰੂ ਕੋਲ ਹਾਜ਼ਰੀ ਤਾਂ ਲੁਆਉਣੀ ਹੈ, ਕਿਉਂਕਿ ਉਸੇ ਦੇ ਆਸਰੇ ਤੁਰੇ ਫਿਰਦੇ ਹਾਂ। ਮੈਨੂੰ ਉਸ ਦਾ ਜਜ਼ਬਾ ਬੜਾ ਚੰਗਾ ਲੱਗਿਆ। ਉਸ ਤੋਂ ਪਹਿਲਾਂ ਮੇਰੇ ਵਰਗਾ ਇਕ ਹੋਰ ਮੈਨੂੰ ਕਹਿ ਚੁੱਕਾ ਸੀ ਕਿ ਮੈਂ ਮੱਥਾ ਟੇਕ ਕੇ ਸਿੱਧਾ ਬਾਹਰ ਆ ਗਿਆ, ਕਿਉਂਕਿ ਜੇ ਬੈਠਦਾ ਤਾਂ ਉਠਿਆ ਨਹੀਂ ਜਾਣਾ ਸੀ। ਉਸ ਦੀ ਪਤਨੀ ਗੋਡਿਆਂ ਕਰਕੇ ਮੱਥਾ ਟੇਕਣ ਨਹੀਂ ਜਾ ਸਕੀ, ਕਿਉਂਕਿ ਉਸ ਨੂੰ ਡਾਕਟਰਾਂ ਨੇ ਪੌੜੀਆਂ ਚੜ੍ਹਨ ਤੋਂ ਮਨਾਂ ਕੀਤਾ ਸੀ। ਫੈਸਲਾ ਹੋਇਆ ਕਿ ਕੁਝ ਕੁਰਸੀਆਂ ਦਾ ਪ੍ਰਬੰਧ ਕਰ ਲਿਆ ਜਾਵੇ। ਪਹਿਲਾਂ ਕੁਰਸੀਆਂ ਹੁੰਦੀਆਂ ਸਨ, ਪਰ ਅੱਜ ਨਹੀਂ ਸਨ।

ਬਾਹਰ ਬੈਠੇ ਬਜ਼ੁਰਗਾਂ ਵਿੱਚ ਇਹ ਚਰਚਾ ਚੱਲਦੀ ਰਹੀ ਕਿ ਗੁਰਦੁਆਰਿਆਂ ਵਿੱਚ ਸ਼ਰਧਾਵਾਨਾਂ ਦੀਆਂ ਸਰੀਰਕ ਮਜ਼ਬੂਰੀਆਂ ਨਾਲ ਨਿਭ ਸਕਣ ਦੀ ਉਸ ਤਰ੍ਹਾਂ ਕੋਈ ਵਿਵਸਥਾ ਨਹੀਂ, ਜਿਸ ਨਾਲ ਸ਼ਰਧਾਵਾਨ ਦੀ ਸ਼ਰਧਾ ਵਿੱਚ ਰੁਕਾਵਟ ਨਾ ਪੈਂਦੀ ਹੋਵੇ। ਇਹ ਸਵਾਲ ਵੀ ਉਠਾਇਆ ਗਿਆ ਕਿ ਬਾਣੀ ਨਾਲੋਂ ਰਹਿਤ ਮਰਿਆਦਾ ਨੂੰ ਵੱਧ ਮਾਨਤਾ ਦੇਣ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਰਸੀ ਹੋਈ ਸਿੱਖ ਚੇਤਨਾ ਵਾਲੇ ਇਹ ਵੀ ਕਹਿ ਰਹੇ ਸਨ ਕਿ ਧਰਮ ਉੱਤੇ ਸਿਆਸਤ ਦਾ ਕਬਜ਼ਾ ਹੋਣ ਨਾਲ ਇਹੋ ਜਿਹੇ ਵਰਤਾਰਿਆਂ ਦਾ ਬੋਲਬਾਲਾ ਹੁੰਦਾ ਜਾ ਰਿਹਾ ਹੈ। ਇਕ ਬਜ਼ੁਰਗ ਦਾ ਵਿਚਾਰ ਸੀ ਕਿ ੴ ਨਾਲੋਂ ਖੰਡੇ ਨੂੰ ਪਹਿਲ ਦਿੱਤੀ ਜਾਣ ਲੱਗੀ ਹੈ। ਸਵਾਲਾਂ ਦਾ ਇਹ ਵਹਿਣ ਬਿਨਾਂ ਜਵਾਬਾਂ ਤੋਂ ਸਿੱਖੀ ਦੀ ਵਰਤਮਾਨ ਦਸ਼ਾ ਅਤੇ ਦਿਸ਼ਾ ਦੀ ਵਿਆਖਿਆ ਲੱਗ ਰਿਹਾ ਸੀ।



ਜਦੋਂ ਮੇਰੇ ਮਿੱਤਰ ਨੂੰ ਸਹਾਰੇ ਨਾਲ ਅਰਦਾਸ ਵਿੱਚ ਸ਼ਾਮਲ ਹੋਣ ਲਈ ਲੈ ਜਾਣ ਵਾਸਤੇ ਤਿਆਰੀ ਸ਼ੁਰੂ ਹੋਈ ਤਾਂ ਚਾਰ ਪੰਜ ਕੁਰਸੀਆਂ ਅੰਦਰ ਉਸ ਥਾਂ ਰੱਖ ਲਈਆਂ ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿੱਚ ਫਰਕ ਨਾ ਪੈਂਦਾ ਹੋਵੇ। ਮੈਂ ਅਜੇ ਕੁਰਸੀ ਉੱਤੇ ਬੈਠਾ ਹੀ ਸੀ ਕਿ ਇਕ ਗੁਰਸਿੱਖ ਮੁਲਾਜ਼ਮ ਕੁਰਸੀਆਂ ਬਾਹਰ ਕੱਢਣ ਦਾ ਹੁਕਮ ਜਿਸ ਤਰ੍ਹਾਂ ਸੁਣਾ ਰਿਹਾ ਸੀ, ਉਸ ਤੋਂ ਲੱਗਦਾ ਸੀ ਕਿ ਇਕ ਮਰਿਆਦਾ ਦੀ ਪਾਲਣਾ ਲਈ ਇਕ ਮਰਿਆਦਾ ਦਾ ਧਿਆਨ ਨਹੀਂ ਰੱਖਿਆ ਜਾ ਰਿਹਾ। ਮੇਰੇ ਅੰਦਰਲਾ ਪ੍ਰੋਫੈਸਰ ਹਰਕਤ ਵਿੱਚ ਆ ਗਿਆ, ਕਿਉਂਕਿ ਮੈਨੂੰ ਲੱਗਿਆ ਕਿ ਇਸ ਨੌਜਵਾਨ ਨੂੰ ਮੇਰੇ ਜਿੰਨਾ ਮਰਿਆਦਾ ਦਾ ਪਤਾ ਨਹੀਂ ਹੈ। ਕੁਰਸੀ ਤੋਂ ਉਠਣ ਦਾ ਹੁਕਮ ਸੁਣ ਕੇ ਮੈਂ ਉਸ ਦੀ ਬਾਂਹ ਫੜ ਕੇ ਸਮਝਾਉਣ ਦੀ ਕੋਸ਼ਿਸ ਕਰਨ ਲੱਗਾ ਤਾਂ ਉਹ ਹੋਰ ਉਚੀ ਸੁਰ ਵਿੱਚ ਕਹਿਣ ਲੱਗਾ ਕਿ ਪਹਿਲਾਂ ਬਾਂਹ ਛੱਡ। ਮੈਂ ਇਹ ਨਾ ਕਹਿ ਸਕਿਆ ਕਿ ਬਾਂਹ ਤਾਂ ਪੁੱਤਰਾ ਮੈਂ ਇਸ ਕਰਕੇ ਫੜੀ ਹੈ ਕਿ ਮੈਨੂੰ ਆਸਰੇ ਦੀ ਲੋੜ ਹੈ। ਇੰਨੇ ਵਿੱਚ ਇਕ ਹਿੰਦੂ ਪ੍ਰੋਫੈਸਰ ਆ ਗਿਆ ਅਤੇ ਉਸ ਨੂੰ ਸਮਝਾਉਣ ਲੱਗਾ ਕਿ ਪ੍ਰੋਫੈਸਰ ਸਾਹਿਬ ਦੀ ਬਾਈਪਾਸ ਸਰਜਰੀ ਹੋਈ ਹੈ ਤੇ ਇਹ ਭੁੰਜੇ ਨਹੀਂ ਬੈਠ ਸਕਦੇ। ਗੱਲ ਨੂੰ ਵਧਣ ਤੋਂ ਰੋਕਣ ਲਈ ਮੈਂ ਕਿਹਾ ਕਿ ਮੈਨੂੰ ਆਪਣਾ ਫਿਕਰ ਨਹੀਂ, ਪਰ ਮੇਰੇ ਮਿੱਤਰ ਦਾ ਕੀ ਬਣੇਗਾ, ਉਹ ਤਾਂ ਬਿਨਾਂ ਆਸਰੇ ਖਲੋ ਵੀ ਨਹੀਂ ਸਕਦਾ। ਕੁਰਸੀਆਂ ਚੁੱਕ ਦਿੱਤੀਆਂ ਗਈਆਂ ਤੇ ਮੈਂ ਇਹ ਵੇਖਣ ਲਈ ਬੈਠ ਗਿਆ ਕਿ ਵੇਖਾਂ ਮੇਰੇ ਮਿੱਤਰ ਦਾ ਕੀ ਬਣਦਾ ਹੈ? ਮੇਰੇ ਕੋਲੋਂ ਬੈਠਿਆ ਨਹੀਂ ਗਿਆ ਤੇ ਮੈਨੂੰ ਬਾਹਰ ਆਉਣਾ ਪਿਆ। ਅੱਗੇ ਮੇਰੇ ਨਾਲੋਂ ਉਮਰ ਵਿੱਚ ਬਹੁਤ ਛੋਟਾ ਸਥਾਪਤ ਸਰਜਨ ਬੈਠਾ ਸੀ, ਕਿਉਂਕਿ ਉਸ ਨੂੰ ਰੀੜ੍ਹ ਦੀ ਤਕਲੀਫ ਨਾਲ ਜੂਝਣਾ ਪੈ ਰਿਹਾ ਸੀ। ਅਰਦਾਸ ਉਪਰੰਤ ਸਰਜਨ ਦੀ ਪਤਨੀ ਡਾ. ਸਾਹਿਬ ਲਈ ਪ੍ਰਸ਼ਾਦ ਲੈ ਕੇ ਆਈ ਅਤੇ ਉਹੀ ਅਸੀਂ ਸਾਰਿਆਂ ਨੇ ਕਿਣਕਾ-ਕਿਣਕਾ ਵੰਡ ਕੇ ਛਕਿਆ।

ਭੋਗ ਉਪਰੰਤ ਲੰਗਰ ਤਾਂ ਭੋਗ ਵਾਲੇ ਕਾਰਡਾਂ ਵਿੱਚ ਹੀ ਲਿਖਿਆ ਹੁੰਦਾ ਹੈ ਅਤੇ ਸਾਹਮਣੇ ਬੋਰਡ ਵੀ ਲੱਗਾ ਹੋਇਆ ਸੀ: 'ਲੰਗਰ ਦਾ ਰਸਤਾ'। ਸਾਰਾ ਪ੍ਰਬੰਧ ਬੈਰਿਆਂ ਕੋਲ ਸੀ ਅਤੇ ਪ੍ਰਬੰਧ ਵੀ ਬਹੁਤ ਵਧੀਆ ਕੀਤਾ ਹੋਇਆ ਸੀ। ਜਿਹੜੀਆਂ ਕੁਰਸੀਆਂ ਲੰਗਰ ਹਾਲ ਵਿੱਚ ਇਕ ਪਾਸੇ ਰੱਖੀਆਂ ਹੋਈਆਂ ਸਨ, ਉਹੀ ਕੁਰਸੀਆਂ ਕਿਸੇ ਵੇਲੇ ਗੁਰਦੁਆਰੇ ਅੰਦਰ ਰੱਖੀਆਂ ਹੁੰਦੀਆਂ ਸਨ। ਕੌਣ ਕਿਸ ਤੋਂ ਪੁੱਛੇ ਕਿ ਜੋ ਸੰਗਤ ਨੇ ਪਕਾਇਆ ਨਹੀਂ ਤੇ ਸੰਗਤ ਨੇ ਵਰਤਾਇਆ ਨਹੀਂ, ਉਹ ਲੰਗਰ ਕਿਵੇਂ ਹੋਇਆ? ਆਸਥਾ ਦੇ ਖੇਤਰ ਵਿੱਚ ਜਿਸ ਤਰ੍ਹਾਂ ਦਾ ਵਰਤਾਰਾ ਆਮ ਹੁੰਦਾ ਜਾਂਦਾ ਹੈ, ਉਸ ਨਾਲ ਧਰਮ ਦੇ ਕੋਮਲ ਪਹਿਲੂ ਗੁੰਮ ਹੁੰਦੇ ਜਾ ਰਹੇ ਹਨ ਅਤੇ ਪ੍ਰਬੰਧਕੀ ਆਤੰਕ ਦਾ ਬੋਲਬਾਲਾ ਹੁੰਦਾ ਜਾ ਰਿਹਾ ਹੈ।

ਕਿਸੇ ਵੇਲੇ ਸਿੱਖਾਂ ਕੋਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਸੰਸਥਾਵਾਂ ਸਨ, ਪਰ ਉਹ ਵੀ ਇਸ ਵੇਲੇ ਪ੍ਰਬੰਧਕੀ ਅਪਹਰਣ ਦਾ ਸ਼ਿਕਾਰ ਹੋ ਗਈਆਂ ਹਨ। ਇਸੇ ਦਾ ਸਿੱਟਾ ਹੈ ਕਿ ਬਾਣੀ ਦੇ ਆਧਾਰ 'ਤੇ ਪੈਦਾ ਹੋਇਆ ਆਮ ਬੰਦੇ ਵਾਲਾ ਸਿੱਖ ਧਰਮ, ਖਾਸ ਬੰਦਿਆਂ ਦੀ ਸਿਆਸਤ ਵਾਲਾ ਸਿੱਖ ਧਰਮ ਹੁੰਦਾ ਜਾ ਰਿਹਾ ਹੈ। ਇਸ ਵਿੱਚੋਂ ਨਿਕਲਣ ਵਾਸਤੇ ਲੋੜੀਂਦੀ ਚੇਤਨਾ ਲਹਿਰ ਨੂੰ ਧਰਮ ਪ੍ਰਚਾਰ ਦੇ ਨਾਮ ਹੇਠ ਦਬਾਉਣ ਦੀ ਪ੍ਰਬੰਧਕੀ ਸਿਆਸਤ ਰੁਕਦੀ ਨਜ਼ਰ ਨਹੀਂ ਆਉਂਦੀ, ਕਿਉਂਕਿ 'ਮੈਂ ਗੁਰੂ ਦਾ ਹਾਂ' ਵਾਲੀ ਸਿੱਖ ਲਹਿਰ 'ਗੁਰੂ ਮੇਰਾ ਹੈ' ਦੀ ਪੰਥਕ ਸਿਆਸਤ ਸਮਝੀ ਜਾਣ ਲੱਗੀ ਹੈ। ਇਸੇ ਦਾ ਸਿੱਟਾ ਹੈ ਕਿ ਗੁਰਦੁਆਰਿਆਂ ਵਿੱਚ ਵੀ ਹਲੀਮ ਨੈਤਿਕਤਾ ਦੀ ਥਾਂ ਪ੍ਰਬੰਧਕੀ ਆਤੰਕ ਭਾਰੂ ਹੁੰਦਾ ਜਾ ਰਿਹਾ ਹੈ।

# ਬੋਲੋ ਮਾਖਿਓਂ ਮਿੱਠੇ ਬੋਲ..

-ਗੁਰਦਾਸ ਸਿੰਘ ਸੇਖੋਂ

ਸਮੁੱਚੀ ਕਾਇਨਾਤ ਵਿੱਚ ਕੇਵਲ ਮਨੁੱਖ ਹੀ ਅਜਿਹਾ ਪ੍ਰਾਣੀ ਹੈ, ਜੋ ਬੋਲਾਂ ਰਾਹੀਂ ਆਪਣੇ ਭਾਵਾਂ ਨੂੰ ਪ੍ਰਗਟਾਉਣ ਤੇ ਦੂਜਿਆਂ ਦੇ ਵਿਚਾਰਾਂ ਨੂੰ ਸਮਝਣ ਦੀ ਯੋਗਤਾ ਰੱਖਦਾ ਹੈ। ਮਨੁੱਖ ਦੇ ਬੋਲਾਂ ਤੋਂ ਉਸ ਦੇ ਸੁਭਾਅ ਤੇ ਸ਼ਖਸੀਅਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਬਿਨਾਂ ਬੋਲਣ ਤੋਂ ਮਨੁੱਖ ਇਕ ਜ਼ਿੰਦਰਾ ਲੱਗੇ ਘਰ ਵਾਂਗ ਹੈ। ਹਰ ਕਿਸੇ ਦੀ ਬੋਲਬਾਣੀ ਦਾ ਆਪਣਾ ਨਿਵੇਕਲਾ ਅੰਦਾਜ਼ ਹੁੰਦਾ ਹੈ। ਕੁਝ ਮਨੁੱਖ ਅਜਿਹੇ ਹੁੰਦੇ ਹਨ, ਜਿਨ੍ਹਾਂ ਦੇ ਪਿਆਰ ਭਰੇ ਲਫਜ਼ ਸੁਣ ਕੇ ਅਸੀਂ ਉਸ ਦੇ ਮੁਰੀਦ ਬਣ ਜਾਂਦੇ ਹਾਂ, ਪਰ ਕੁਝ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਬੋਲ ਖਰ੍ਹਵੇ ਅਤੇ ਰਸਹੀਣ ਹੁੰਦੇ ਹਨ। ਇਸ ਤਰ੍ਹਾਂ ਸਮੇਂ ਤੇ ਸਥਿਤੀ ਅਨੁਸਾਰ ਸ਼ਬਦਾਂ ਦੀ ਉਚਿਤ ਚੋਣ ਤੇ ਬੋਲਚਾਲ ਦਾ ਸਲੀਕਾ ਮਨੁੱਖੀ ਸ਼ਖਸੀਅਤ ਨੂੰ ਬਿਆਨ ਕਰਦਾ ਹੈ। ਬੋਲੀ ਦੀ ਮਿਠਾਸ ਉਪਰ ਸ਼ਬਦਾਂ ਦੀ ਢੁਕਵੀਂ ਚੋਣ ਜਾਦੂ ਵਰਗਾ ਅਸਰ ਕਰਦੀ ਹੈ।

ਮਿੱਠੀ ਬੋਲੀ ਜਿਥੇ ਵਿਗੜੇ ਕੰਮ ਸੰਵਾਰ ਦਿੰਦੀ ਹੈ, ਉਥੇ ਕੁੜੱਤਣ ਭਰੇ ਬੋਲਾਂ ਨਾਲ ਬਣੇ ਕੰਮ ਵਿਗੜ ਜਾਂਦੇ ਹਨ। ਮਿੱਠੇ ਬੋਲ ਦੁਸ਼ਮਣ ਨੂੰ ਮਿੱਤਰ ਅਤੇ ਕੌੜੇ ਬੋਲ ਮਿੱਤਰ ਨੂੰ ਦੁਸ਼ਮਣ ਵਿੱਚ ਬਦਲਣ ਦੀ ਸਮਰੱਥਾ ਰੱਖਦੇ ਹਨ। ਇਹ ਮਨੁੱਖ ਦੇ ਬੋਲ ਹੀ ਹਨ, ਜੋ ਉਸ ਨੂੰ ਅਰਸ਼ ਤੋਂ ਫਰਸ਼ ਅਤੇ ਫਰਸ਼ ਤੋਂ ਅਰਸ਼ 'ਤੇ ਪਹੁੰਚਾ ਸਕਦੇ ਹਨ। ਕਈ ਵਾਰੀ ਜ਼ੁਬਾਨ ਵਿੱਚੋਂ ਨਿਕਲੇ ਸ਼ੋਭਾਹੀਣ ਬੋਲਾਂ ਦਾ ਖਮਿਆਜ਼ਾ ਸਾਨੂੰ ਭਵਿੱਖ ਵਿੱਚ ਭੁਗਤਣਾ ਪੈਂਦਾ ਹੈ। ਜਿਵੇਂ ਕਮਾਨ ਤੋਂ ਨਿਕਲੇ ਤੀਰ ਵਾਪਸ ਨਹੀਂ ਆ ਸਕਦੇ, ਉਸੇ ਤਰ੍ਹਾਂ ਜ਼ੁਬਾਨ ਵਿੱਚੋਂ ਉਚਾਰੇ ਸ਼ਬਦ ਵਾਪਸ ਨਹੀਂ ਆ ਸਕਦੇ। ਇਸੇ ਲਈ ਕਿਹਾ ਜਾਂਦਾ ਹੈ 'ਪਹਿਲਾਂ ਤੋਲੋ ਫਿਰ ਬੋਲੋ'। ਕੌੜੀ ਜ਼ੁਬਾਨ ਹਥਿਆਰ ਤੋਂ ਵਧੇਰੇ ਖਤਰਨਾਕ ਹੁੰਦੀ ਹੈ। ਜ਼ਹਿਰੀਲੇ ਸੱਪਾਂ ਦੇ ਜ਼ਹਿਰ ਨੂੰ ਬੇਅਸਰ ਕਰਨ ਲਈ ਦਵਾਈਆਂ ਦੀ ਖੋਜ ਹੋ ਚੁੱਕੀ ਹੈ, ਪਰ ਜ਼ਹਿਰੀਲੇ ਭਾਵ ਕੌੜੇ ਬੋਲਾਂ ਕਾਰਨ ਜ਼ਖਮੀ ਹੋਏ ਹਿਰਦਿਆਂ ਨੂੰ ਠੀਕ ਕਰਨਾ ਅਸੰਭਵ ਹੁੰਦਾ ਹੈ। ਉਚੇ ਤੇ ਕੌੜੇ ਬੋਲ ਕਮਜ਼ੋਰ ਮਾਨਸਿਕਤਾ ਤੇ ਅਸਹਿਣਸ਼ਲਤਾ ਦੀ ਨਿਸ਼ਾਨੀ ਹੁੰਦੇ ਹਨ।

ਜੀਭ ਦੀ ਭਾਵੇਂ ਕੋਈ ਹੱਡੀ ਨਹੀਂ ਹੁੰਦੀ, ਪਰ ਇਸ ਦੇ ਕੁਬੋਲ ਵੱਡਿਆਂ-ਵੱਡਿਆਂ ਦੀਆਂ ਹੱਡੀਆਂ ਤੁੜਵਾ ਸਕਦੇ ਹਨ। ਸਮੇਂ ਦੀ ਨਜ਼ਾਕਤ ਨਾ ਸਮਝਦੇ ਹੋਏ ਬੋਲਣ ਵਾਲੇ ਇਨਸਾਨ ਦੂਸਰਿਆਂ ਨੂੰ ਅਬਾ ਤਬਾ ਬੋਲ ਜਾਂਦੇ ਹਨ, ਪਰ ਜਲਦੀ ਹੀ ਉਨ੍ਹਾਂ ਦੀ ਮਨੋਸਥਿਤੀ 'ਵਖਤੋਂ ਖੁੰਝੀ ਡੂੰਮਣੀ, ਗਾਵੇ ਆਲ ਪਤਾਲ' ਵਰਗੀ ਹੋ ਜਾਂਦੀ ਹੈ। ਦੂਜੇ ਪਾਸੇ ਮਿੱਠੀ ਜ਼ੁਬਾਨ ਦੇ ਮਾਲਕ ਰਸਮਈ ਬੋਲਾਂ ਦੀ ਹੀ ਖੱਟੀ ਖਾ ਕੇ ਸੁਨਹਿਰੀ ਭਵਿੱਖ ਸਿਰਜ ਲੈਂਦੇ ਹਨ। ਭਾਸ਼ਣ ਕਲਾ ਵਿੱਚ ਮਿਠਾਸ ਦਾ ਗੁਣ ਸਰੋਤਿਆਂ ਨੂੰ ਕੀਲਣ ਦੀ ਸਮਰੱਥਾ ਰੱਖਦਾ ਹੈ। ਡਾਕਟਰ ਦੇ ਪਿਆਰ ਭਰੇ ਤੇ ਆਸ਼ਾਵਾਦੀ ਲਫਜ਼ ਮਰੀਜ਼ ਨੂੰ ਨਵੀਂ ਜ਼ਿੰਦਗੀ ਬਖਸ਼ਣ ਦੀ ਸ਼ਕਤੀ ਰੱਖਦੇ ਹਨ। ਜਿਵੇਂ ਮਠਿਆਈ ਸ਼ੁਭ ਸ਼ਗਨ ਦਾ ਪ੍ਰਤੀਕ ਹੁੰਦੀ ਹੈ, ਬਿਲਕੁਲ ਇਸੇ ਤਰ੍ਹਾਂ ਮਿੱਠੀ ਜ਼ੁਬਾਨ ਹਮੇਸ਼ਾ ਸ਼ੁਭ ਤੇ ਉਸਾਰੂ ਕੰਮਾਂ ਦਾ ਆਧਾਰ ਤਿਆਰ ਕਰਦੀ ਹੈ। ਗੁਰੂ ਨਾਨਕ ਸਾਹਿਬ ਨੇ ਵੀ ਗੁਰਬਾਣੀ ਵਿੱਚ ਮਿੱਠਤ ਤੇ ਨਿਮਰਤਾ ਨੂੰ ਸਾਰੇ ਗੁਣਾਂ ਤੇ ਚੰਗਿਆਈਆਂ ਦਾ ਨਿਚੋੜ ਦੱਸਿਆ ਹੈ। ਵੱਖ-ਵੱਖ ਵਿਗਿਆਨੀਆਂ ਨੇ ਖੋਜਾਂ ਰਾਹੀਂ ਸਾਬਤ ਕੀਤਾ ਹੈ ਕਿ ਮਿੱਠਾ ਬੋਲਣ ਸਮੇਂ ਸਾਡੇ ਸਰੀਰ ਵਿੱਚ ਕਈ ਤਰ੍ਹਾਂ ਦੇ ਅਜਿਹੇ ਰਸ ਪੈਦਾ ਹੁੰਦੇ ਹਨ ਜੋ ਸਰੀਰ ਨੂੰ ਗੰਭੀਰ ਬਿਮਾਰੀਆਂ ਤੋਂ ਨਿਰਲੇਪ ਰੱਖਦੇ ਹਨ। ਮਿੱਠਾ ਬੋਲਣ ਵਾਲਾ ਮਨੁੱਖ ਆਪ ਤਾਂ ਗੁਲਾਬ ਵਾਂਗ ਖਿੜਿਆ ਰਹਿੰਦਾ ਹੀ ਹੈ, ਬਲਕਿ ਆਪਣੇ ਸਮਾਜਿਕ ਦਾਇਰੇ ਨੂੰ ਵੀ ਫੁੱਲਾਂ ਵਰਗੀ ਮਹਿਕ ਵੰਡਦਾ ਰਹਿੰਦਾ ਹੈ।

ਦਸਤਾਰ ਤੇ ਰਫਤਾਰ ਰਾਹੀਂ ਕੇਵਲ ਬਾਹਰੀ ਸੁੰਦਰਤਾ ਦੀ ਪੇਸ਼ਕਾਰੀ ਹੁੰਦੀ ਹੈ, ਪਰ ਗੁਫਤਾਰ ਭਾਵ ਬੋਲਾਂ ਰਾਹੀਂ ਸਾਡੀ ਅੰਦਰੂਨੀ ਸ਼ਖਸੀਅਤ ਦਾ ਪ੍ਰਗਟਾਵਾ ਹੁੰਦਾ ਹੈ। ਸ਼ੇਖ ਫਰੀਦ ਨੇ ਆਪਣੇ ਸਲੋਕਾਂ ਦੇ ਕੁੰਜੀਵਤ ਉਪਦੇਸ਼ ਨਾਲ ਜ਼ੁਬਾਨ ਦੇ ਰਸ ਦੀ ਅਹਿਮੀਅਤ ਬਿਆਨ ਕੀਤੀ ਹੈ। ਮਨੁੱਖ ਉਦੋਂ ਹੀ ਬੋਲੇ ਜਦੋਂ ਉਸ ਦੇ ਸ਼ਬਦ ਚੁੱਪ ਨਾਲੋਂ ਵਧੇਰੇ ਸੁੰਦਰ ਹੋਣ। ਵੈਸੇ ਇਕ ਚੁੱਪ ਸੌ ਸੁੱਖ ਦਾ ਸੁਨੇਹਾ ਦਿੰਦੀ ਹੈ। ਚੁੱਪ ਅਜਿਹੀ ਸ਼ਕਤੀ ਹੈ ਜੋ ਕੌੜੇ ਬੋਲ ਬੋਲਣ ਵਾਲੇ ਨੂੰ ਆਪਣੀ ਵਧੀਕੀ ਤੇ ਗਲਤੀ ਦਾ ਅਹਿਸਾਸ ਕਰਵਾ ਦਿੰਦੀ ਹੈ। ਪਾਣੀ ਹਮੇਸ਼ਾ ਨਿਵਾਣ ਵੱਲ ਤੇ ਅੱਗ ਉਚਾਣ ਵੱਲ ਵੱਧਦੀ ਹੈ, ਕਿਉਂਕਿ ਪਾਣੀ ਠੰਢੀ ਤਾਸੀਰ ਤੇ ਅੱਗ ਗਰਮ ਤਾਸੀਰ ਭਾਵ ਕ੍ਰੋਧ ਦਾ ਪ੍ਰਤੀਕ ਹੈ। ਕ੍ਰੋਧ ਸਰੀਰ ਨੂੰ ਇਸ ਤਰ੍ਹਾਂ ਗਾਲ ਦਿੰਦਾ ਹੈ, ਜਿਸ ਤਰ੍ਹਾਂ ਸੁਹਾਗਾ ਸੋਨੇ ਨੂੰ ਪਿਘਲਾ ਦਿੰਦਾ ਹੈ। ਜਿਥੇ ਮਿੱਠੇ ਬੋਲ ਠੰਢੇ ਪਾਣੀ ਵਾਂਗ ਸੀਨੇ ਨੂੰ ਠਾਰਦੇ ਹਨ, ਉਥੇ ਕੌੜੇ ਬੋਲ ਉਸ ਲਾਵੇ ਦੀ ਤਰ੍ਹਾਂ ਹੁੰਦੇ ਹਨ ਜੋ ਸੀਨੇ ਵਿੱਚ ਅੱਗ ਲਾਉਂਦੇ ਹੋਏ ਸੁਣਨ ਵਾਲੇ ਦੇ ਕਾਲਜੇ ਨੂੰ ਸਾੜ ਦਿੰਦੇ ਹਨ।

ਕੌੜੇ ਬੋਲ ਸਾਡੇ ਤਨ ਤੇ ਮਨ ਦੋਵਾਂ ਨੂੰ ਦੁਖੀ ਕਰਦੇ ਹਨ। ਮਿੱਠੇ ਬੋਲ ਤਨ ਤੇ ਮਨ ਨੂੰ ਸੁੱਖ ਦਿੰਦੇ ਹੋਏ ਸਦੀਵੀ ਛਾਪ ਛੱਡ ਜਾਂਦੇ ਹਨ। ਮਨੁੱਖ ਦੇ ਲਫਜ਼ ਉਸ ਦਾ ਅਸਲੀ ਖਜ਼ਾਨਾ ਹਨ, ਜੋ ਉਸ ਨੂੰ ਬਣਦਾ ਸਮਾਜਿਕ ਰੁਤਬਾ ਪੇਸ਼ ਕਰਦੇ ਹਨ। ਇਸ ਲਈ ਆਓ ਸਾਰੇ ਤਨ ਤੇ ਮਨ ਦੀ ਤੰਦਰੁਸਤੀ ਲਈ ਕੌੜੇ, ਫਿੱਕੇ, ਰਸਹੀਣ ਤੇ ਸ਼ੋਭਾਹੀਣ ਬੋਲਾਂ ਨੂੰ ਤਿਆਗ ਮਿੱਠੇ, ਰਸਮਈ ਤੇ ਅਦਬੀ ਬੋਲਾਂ ਨੂੰ ਜ਼ੁਬਾਨ ਦਾ ਅੰਗ ਬਣਾਉਂਦੇ ਹੋਏ ਜ਼ਿੰਦਗੀ ਦੇ ਪੰਧ ਨੂੰ ਰੰਗੀਨ, ਸੁਖਾਲਾ, ਖੁਸ਼ਹਾਲ ਤੇ ਹੁਸੀਨਮਈ ਬਣਾਈਏ।

## (ਮਿੰਨੀ ਕਹਾਣੀ) --ਐਕਸੀਡੈਂਟ

-ਰਮੇਸ਼ ਚੰਦਰ ਛਬੀਲਾ

"ਸਾਬ੍ਹ ਜੀ, ਰਾਜੂ ਬੇਟੇ ਦਾ ਸਕੂਲੋਂ ਆਉਂਦੇ ਸਮੇਂ ਐਕਸੀਡੈਂਟ ਹੋ ਗਿਆ ਹੈ। ਉਸ ਦੇ ਕਾਫੀ ਸੱਟਾਂ ਲੱਗੀਆਂ ਹਨ ਤੇ ਖੂਨ ਨਿਕਲ ਰਿਹਾ ਹੈ। ਮੈਂ ਉਸ ਨੂੰ ਕੇ ਸਰਕਾਰੀ ਹਸਪਤਾਲ ਜਾ ਰਿਹਾ ਹਾਂ।" ਘਰੇਲੂ ਨੌਕਰ ਕਿਸ਼ਨ ਨੇ ਸਾਹਿਬ ਨੂੰ ਆਫਿਸ ਵਿੱਚ ਫੋਨ ਕੀਤਾ।

"ਹਾਏ ਰੱਬਾ! ਰਾਜੂ ਦਾ ਐਕਸੀਡੈਂਟ? ਜ਼ਿਆਦਾ ਡੂੰਘੀ ਸੱਟ ਤਾਂ ਨਹੀਂ ਲੱਗੀ? ਉਹ ਇਕੱਲਾ ਸਕੂਲ ਤੋਂ ਕਿਉਂ ਆ ਰਿਹਾ ਸੀ। ਸਕੂਲ ਵਾਲੀ ਬਸ ਨਹੀਂ ਆਈ? ਜ਼ਰਾ ਰੁਕ। ਮੈਂ ਗੱਡੀ ਲੈ ਕੇ ਪਹੁੰਚਦਾ ਹਾਂ। ਉਸ ਨੂੰ ਭਾਰਤ ਹਸਪਤਾਲ ਲੈ ਕੇ ਜਾਣਾ ਹੈ। ਸਿਵਲ ਹਸਪਤਾਲ ਵਿੱਚ ਵੀ ਕੋਈ ਇਲਾਜ ਹੁੰਦੈ?"

"ਸਾਬ੍ਹ ਜੀ, ਤੁਹਾਡੇ ਰਾਜੂ ਬੇਟੇ ਦਾ ਨਹੀਂ, ਮੇਰੇ ਰਾਜੂ ਦਾ ਐਕਸੀਡੈਂਟ ਹੋਇਆ ਹੈ।"

"ਓਏ ਯਾਰ ਕਿਸ਼ਨ ਮੈਂ ਤੈਨੂੰ ਕਿੰਨੀ ਵਾਰ ਸਮਝਾਇਆ ਹੈ ਕਿ ਤੂੰ ਆਪਣੇ ਬੇਟੇ ਦਾ ਨਾਂਅ ਬਦਲ ਲੈ। ਮੇਰੇ ਬੇਟੇ ਦਾ ਨਾਂਅ ਵੀ ਰਾਜੂ ਹੈ ਅਤੇ ਤੇਰੇ ਬੇਟੇ ਦਾ ਵੀ ਰਾਜੂ। ਬਹੁਤ ਭੁਲੇਖਾ ਪੈ ਜਾਂਦਾ ਹੈ। ਸੁਣ, ਇਥੇ ਕੰਮ ਬਹੁਤ ਹੀ ਜ਼ਿਆਦਾ ਹੈ। ਤੂੰ ਉਧਰੋਂ ਕੋਈ ਟੈਕਸੀ ਜਾਂ ਥ੍ਰੀ ਵ੍ਹੀਲਰ ਲੈ ਕੇ ਸਿਵਲ ਹਸਪਤਾਲ ਹੀ ਚਲਾ ਜਾ। ਉਥੇ ਵੀ ਵਧੀਆ ਇਲਾਜ ਹੁੰਦਾ ਹੈ। ਘਰੋਂ ਮੇਮ ਸਾਹਿਬ ਤੋਂ ਕੁਝ ਪੈਸੇ ਲੈ ਲੈਣਾ। ਫਿਕਰ ਨਾ ਕਰੀਂ, ਸਭ ਠੀਕ ਹੋ ਜਾਵੇਗਾ।"

ਸਾਹਿਬ ਨੇ ਕਿਹਾ ਅਤੇ ਬੇਫਿਕਰ ਹੋ ਕੇ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ।

## ਰਸੋਈ — ਟੇਸਟੀ ਐਂਡ ਹੈਲਦੀ ਪੰਜੀਰੀ

ਸਮੱਗਰੀ-ਘਿਓ ਪੰਜ ਵੱਡੇ ਚਮਚ, ਐਡੀਬਲ ਗਮ ਕ੍ਰਿਸਟਲ 120 ਗਰਾਮ, ਪਫਡ ਲੋਟਸ ਸੀਡਸ 60 ਗਰਾਮ, ਕਾਜੂ 150 ਗਰਾਮ, ਬਦਾਮ 250 ਗਰਾਮ, ਪਿਸਤ 90 ਗਰਾਮ, ਤਰਬੂਜ਼ ਦੇ ਸੁੱਕੇ ਬੀਜ 150 ਗਰਾਮ, ਕਿਸ਼ਮਿਸ਼ 85 ਗਰਾਮ, ਘਿਓ 200 ਗਰਾਮ। ਕੱਦੂਕਸ਼ ਕੀਤਾ ਹੋਇਆ ਨਾਰੀਅਲ 100 ਗਰਾਮ, ਇਲਾਇਚੀ ਪਾਊਡਰ 1 ਚਮਚ, ਖੰਡ ਦਾ ਪਾਊਡਰ 500 ਗਰਾਮ, 500 ਗਰਾਮ ਸੂਜੀ।



ਵਿਧੀ-ਇੱਕ ਕੜਾਹੀ ਵਿੱਚ ਦੋ ਵੱਡੇ ਚਮਚ ਘਿਓ ਪਾ ਕੇ ਹਲਕੇ ਸੇਕ ਉਤੇ ਗਰਮ ਕਰੋ। ਫਿਰ ਇਸ ਵਿੱਚ 120 ਗਰਾਮ ਐਡੀਬਲ ਗਮ ਕ੍ਰਿਸਟਲ ਪਾ ਕੇ ਉਦੋਂ ਤੱਕ ਭੁੰਨੋ, ਜਦੋਂ ਤੱਕ ਇਹ ਆਕਾਰ 'ਚ ਡਬਲ ਨਾ ਹੋ ਜਾਵੇ।

2. ਇਸ ਤੋਂ ਬਾਅਦ ਇੱਕ ਹੋਰ ਕੜਾਹੀ ਵਿੱਚ ਇੱਕ ਵੱਡਾ ਚਮਚ ਘਿਓ ਪਾ ਕੇ ਹਲਕੇ ਸੇਕ 'ਤੇ ਗਰਮ ਕਰੋ। ਇਸ 'ਚ 60 ਗਰਾਮ ਪਫਡ ਲੋਟਸ ਸੀਡਸ ਪਾ ਕੇ ਹਲਕਾ ਸੁਨਹਿਰਾ ਹੋਣ ਤੱਕ ਭੁੰਨੋ।

3. ਫਿਰ ਇੱਕ ਕੜਾਹੀ ਲਓ ਅਤੇ ਉਸ ਵਿੱਚ ਇੱਕ ਵੱਡਾ ਚਮਚ ਘਿਓ ਪਾ ਕੇ ਹਲਕੇ ਸੇਕ 'ਤੇ ਗਰਮ ਕਰੋ। ਇਸ ਵਿੱਚ 150 ਗਰਾਮ ਕਾਜੂ, 250 ਗਰਾਮ ਬਦਾਮ, 90 ਗਰਾਮ ਪਿਸਤਾ, 150 ਗਰਾਮ ਸੁੱਕੇ ਤਰਬੂਜ਼ ਦੇ ਬੀਜ ਪਾ ਕੇ ਤਿੰਨ-ਚਾਰ ਮਿੰਟ ਲਈ ਭੁੰਨੋ।

4. ਇੱਕ ਹੋਰ ਕੜਾਹੀ ਵਿੱਚ ਇੱਕ ਵੱਡਾ ਚਮਚ ਘਿਓ ਪਾ ਕੇ ਹਲਕੇ ਸੇਕ ਉਤੇ ਗਰਮ ਕਰੋ। ਇਸ ਵਿੱਚ 85 ਗਰਾਮ ਕਿਸ਼ਮਿਸ਼ ਪਾ ਕੇ ਸੁਨਹਿਰਾ ਹੋਣ ਤੱਕ ਭੁੰਨੋ।

5. ਇੱਕ ਕੜਾਹੀ 'ਚ 200 ਗਰਾਮ ਘਿਓ ਪਾ ਕੇ ਹਲਕੇ ਸੇਕ 'ਤੇ ਗਰਮ ਕਰੋ। ਫਿਰ ਇਸ ਵਿੱਚ 500 ਗਰਾਮ ਸੂਜੀ ਪਾਓ ਅਤੇ ਇਸ ਨੂੰ ਉਦੋਂ ਤੱਕ ਪਕਾਓ, ਜਦੋਂ ਤੱਕ ਇਸ 'ਚੋਂ ਖੁਸ਼ਬੂ ਨਾ ਆਉਣ ਲੱਗੇ।

6. ਹੁਣ ਇਸ ਵਿੱਚ 100 ਗਰਾਮ ਕੱਦੂਕਸ਼ ਕੀਤਾ ਹੋਇਆ ਨਾਰੀਅਲ, ਇੱਕ ਚਮਚ ਇਲਾਇਚੀ ਪਾਊਡਰ ਪਾਓ ਅਤੇ ਸੁਨਹਿਰਾ ਹੋਣ ਤੱਕ ਮਿਸ਼ਰਣ ਨੂੰ ਹਿਲਾਉਂਦੇ ਰਹੋ।

7. ਇਸ ਤੋਂ ਬਾਅਦ ਚੌਪਰ 'ਚ ਸਾਰੇ ਡਰਾਈ ਫਰੂਟਸ ਅਤੇ ਫ੍ਰਾਈ ਕੀਤੇ ਹੋਏ ਨਟਸ ਪਾ ਕੇ ਇਨ੍ਹਾਂ ਨੂੰ ਚੋਪ ਕਰ ਕੇ ਮਿਸ਼ਰਣ ਤਿਆਰ ਕਰ ਲਓ।

8. ਇੱਕ ਬਾਊਲ ਵਿੱਚ ਸੂਜੀ ਦਾ ਮਿਸ਼੍ਰਣ, ਕਮਲ ਦੇ ਬੀਜਾਂ ਦਾ ਮਿਸ਼ਰਣ, ਡਰਾਈ ਫਰੂਟਸ ਦਾ ਮਿਸ਼ਰਣ ਅਤੇ 500 ਗਰਾਮ ਖੰਡ ਦਾ ਪਾਊਡਰ ਪਾ ਕੇ ਚੰਗੀ ਤਰ੍ਹਾਂ ਮਿਲਾਓ।

9. ਤੁਹਾਡੀ ਪੰਜੀਰੀ ਤਿਆਰ ਹੈ, ਇਸ ਨੂੰ ਸਰਵ ਕਰੋ। ਤੁਸੀਂ ਇਸ ਨੂੰ ਕਿਸੇ ਏਅਰ ਟਾਈਟ ਜਾਰ 'ਚ ਰੱਖ ਕੇ ਦੋ-ਤਿੰਨ ਮਹੀਨਿਆਂ ਤੱਕ ਆਰਾਮ ਨਾਲ ਇਸਤੇਮਾਲ ਕਰ ਸਕਦੇ ਹੋ।

# ਬੱਚੇ ਦੇ ਰੋਣ ਦਾ ਰਾਜ਼

-ਮਾਸਟਰ ਰਾਮਦਾਸ ਨਸਰਾਲੀ

ਮੇਰਾ ਜਨਮ ਇਕ ਮਿਹਨਤੀ ਕਿਰਤੀ ਪਰਵਾਰ ਵਿੱਚ ਹੋਇਆ ਸੀ। ਮਾਤਾ ਪਿਤਾ ਕੋਰੇ ਅਨਪੜ੍ਹ ਹੋਣ ਦੇ ਬਾਵਜੂਦ ਵਿਗਿਆਨਕ ਸੋਚ ਦੇ ਧਾਰਨੀ ਹਨ। ਉਨ੍ਹਾਂ ਦਾ ਅਖੌਤੀ ਸਾਧਾਂ ਸੰਤਾਂ, ਸਿਆਣਿਆਂ, ਤਾਂਤਰਿਕਾਂ ਤੇ ਚੇਲਿਆਂ ਚਾਟੜਿਆਂ ਵਿੱਚ ਉਕਾ ਵਿਸ਼ਵਾਸ ਨਹੀਂ ਹੈ। ਮਾਪਿਆਂ ਦੀ ਇਹ ਸੋਚ ਹੋਣ ਕਾਰਨ ਮੈਂ ਤੇ ਮੇਰੇ ਦੋਵੇਂ ਛੋਟੇ ਭਰਾ ਵੀ ਵਿਗਿਆਨਕ ਸੋਚ ਦੇ ਧਾਰਨੀ ਹਾਂ। ਉਹ ਵੀ ਮੇਰੇ ਵਾਂਗ ਵਹਿਮਾਂ ਭਰਮਾਂ, ਅੰਧ ਵਿਸ਼ਵਾਸ, ਜਾਦੂ ਟੂਣਿਆਂ, ਕਰਮ ਕਾਂਡਾਂ ਵਿੱਚ ਭੋਰਾ ਵਿਸ਼ਵਾਸ ਨਹੀਂ ਕਰਦੇ। ਮੇਰੇ ਮਾਤਾ ਪਿਤਾ ਨੇ ਹੱਡ ਭੰਨਵੀਂ ਮਿਹਨਤ ਕਰਕੇ ਤੇ ਆਪ ਤੰਗੀਆਂ ਤੁਰਸ਼ੀਆਂ ਕੱਟ ਕੇ ਸਾਨੂੰ ਸਾਰੇ ਭਰਾਵਾਂ ਨੂੰ ਵੱਧ ਤੋਂ ਵੱਧ ਪੜ੍ਹਨ ਦੇ ਮੌਕੇ ਪ੍ਰਦਾਨ ਕੀਤੇ ਹਨ। ਇਹ ਗੱਲ ਵੱਖਰੀ ਹੈ ਕਿ ਮੇਰੇ ਛੋਟੇ ਭਰਾ ਇਸ ਦਾ ਪੂਰਾ ਲਾਭ ਨਹੀਂ ਉਠਾ ਸਕੇ ਤੇ ਜ਼ਿਆਦਾ ਪੜ੍ਹ ਲਿਖ ਨਹੀਂ ਸਕੇ, ਪਰ ਮਾਪਿਆਂ ਵੱਲੋਂ ਮਿਹਨਤ ਕਰਨ ਦੇ ਮਿਲੇ ਸਬਕ 'ਤੇ ਅਮਲ ਕਰਦਿਆਂ ਉਹ ਬਿਨਾਂ ਠੱਗੀ ਠੋਰੀ ਕੀਤਿਆਂ ਆਪਣੀ ਮਿਹਨਤ ਦੀ ਕਮਾਈ ਨਾਲ ਪਰਵਾਰਕ ਜ਼ਿੰਮੇਵਾਰੀ ਬਾਖੂਬੀ ਨਿਭਾ ਰਹੇ ਹਨ।

ਗੱਲ 16 ਨਵੰਬਰ 2001 ਦੀ ਹੈ। ਮੇਰੇ ਛੋਟੇ ਭਰਾ ਦੀ ਪਤਨੀ ਨੇ ਪੇਕੇ ਘਰ ਮੁੰਡੇ ਨੂੰ ਜਨਮ ਦਿੱਤਾ। ਇਹ ਖਬਰ ਮਿਲਣ ਸਾਰ ਖੁਸ਼ੀ ਵਿੱਚ ਆਂਢ ਗੁਆਂਢ ਲੱਡੂ ਵੰਡੇ ਗਏ। ਵਧਾਈਆਂ ਦੇਣ ਵਾਲਿਆਂ ਦਾ ਘਰ ਵਿੱਚ ਤਾਂਤਾ ਲੱਗ ਗਿਆ। ਮੈਂ, ਮੇਰੇ ਮਾਤਾ ਪਿਤਾ ਸਮੇਤ ਮੇਰੀ ਪਤਨੀ ਮੁੰਡੇ ਨੂੰ ਦੇਖਣ ਗਏ। ਜ਼ਿਆਦਾ ਖੁਸ਼ੀ ਦੀ ਗੱਲ ਇਹ ਸੀ ਕਿ ਬੱਚੇ ਦਾ ਜਨਮ ਘਰ ਵਿੱਚ ਹੀ ਹੋ ਗਿਆ ਸੀ, ਹਸਪਤਾਲ ਲਿਜਾਣ ਦੀ ਲੋੜ ਨਹੀਂ ਸੀ ਪਈ। ਜੱਚਾ ਤੇ ਬੱਚਾ ਦੋਵੇਂ ਬਿਲਕੁਲ ਠੀਕ ਠਾਕ ਸਨ। ਬੱਚੇ ਦੇ ਜਨਮ ਤੋਂ ਤਿੰਨ ਦਿਨ ਬਾਅਦ ਸਵੇਰੇ ਸਾਝਰੇ ਮੇਰੇ ਛੋਟੇ ਭਰਾ ਦੀ ਸੱਸ ਨੇ ਫੋਨ ਕਰਕੇ ਦੱਸਿਆ, 'ਮੁੰਡਾ ਸਾਰੀ ਰਾਤ ਰੋਣ ਤੋਂ ਨਹੀਂ ਹਟਿਆ, ਪਤਾ ਨਹੀਂ ਉਸ ਨੂੰ ਕੀ ਤਕਲੀਫ ਆ?' ਉਸ ਨੇ ਝਕਦਿਆਂ ਇਹ ਵੀ ਕਿਹਾ, 'ਜੇ ਤੁਸੀਂ ਬੁਰਾ ਨਾ ਮੰਨੋ ਤਾਂ ਫਲਾਣੇ ਡੇਰੇ ਵਾਲੇ ਬਾਬੇ ਤੋਂ ਮੁੰਡੇ ਦਾ ਹਥੌਲਾ ਕਰਵਾ ਲਿਆਈਏ। ਖਬਰੇ ਕੋਈ ਓਪਰੀ ਕਸਰ ਹੀ ਨਾ ਹੋਈ ਹੋਵੇ।'

ਦਰਅਸਲ ਮੇਰੇ ਉਸ ਛੋਟੇ ਭਰਾ ਦਾ ਸਹੁਰਾ ਪਰਵਾਰ ਅਹਿਮਦਗੜ੍ਹ ਵੱਲ ਕਿਸੇ ਪਿੰਡ ਦੇ ਡੇਰੇ ਵਾਲੇ ਬਾਬੇ ਦਾ ਸ਼ਰਧਾਲੂ ਸੀ। ਇਹ ਗੱਲ ਮੈਨੂੰ ਉਸੇ ਨੇ ਦੱਸੀ ਸੀ। ਆਪਣੇ ਛੋਟੇ ਭਰਾ ਰਾਹੀਂ ਮੈਂ ਉਸ ਦੀ ਘਰ ਵਾਲੀ ਨੂੰ ਕਿਸੇ ਵੀ ਅਖੌਤੀ ਸਾਧ ਦੇ ਡੇਰੇ ਨਾ ਜਾਣ ਦੀ ਹਦਾਇਤ ਕਰਵਾ ਦਿੱਤੀ ਸੀ। ਇਸੇ ਕਰਕੇ ਭਰਾ ਦੀ ਸੱਸ ਨੇ ਡੇਰੇ ਵਾਲੇ ਉਸ ਬਾਬੇ ਤੋਂ ਮੁੰਡੇ ਦਾ ਹਥੌਲਾ ਕਰਵਾ ਕੇ ਲਿਆਉਣ ਦੀ ਮੇਰੇ ਮਾਤਾ ਜੀ ਸਹਿਮਤੀ ਮੰਗੀ ਸੀ। ਜਦੋਂ ਮੇਰੀ ਮਾਤਾ ਨੇ ਮੈਨੂੰ ਇਹ ਗੱਲ ਦੱਸੀ ਤਾਂ ਮੈਂ ਤੁਰੰਤ ਫੋਨ ਕਰਕੇ ਭਰਾ ਦੇ ਸਹੁਰੇ ਨੂੰ ਕਿਹਾ, 'ਤੁਸੀਂ ਮੁੰਡੇ ਨੂੰ ਲੈ ਕੇ ਖੰਨੇ ਵਿਚਕਾਰਲੇ ਅੱਡੇ ਪਹੁੰਚੋ, ਇਧਰੋਂ ਮੈਂ ਤੇ ਮਾਤਾ ਜੀ ਤੁਹਾਨੂੰ ਉਥੇ ਮਿਲਾਂਗੇ। ਮੁੰਡੇ ਨੂੰ ਬੱਚਿਆਂ ਦੇ ਮਾਹਰ ਡਾਕਟਰ ਨੂੰ ਦਿਖਾਉਣੇ ਆਂ..।' ਡੇਢ ਕੁ ਘੰਟੇ ਬਾਅਦ ਮੇਰੇ ਭਰਾ ਦੇ ਸੱਸ ਸਹੁਰਾ ਸਕੂਟਰ 'ਤੇ ਮੁੰਡੇ ਨੂੰ ਲੈ ਕੇ ਖੰਨੇ ਵਿਚਕਾਰਲੇ ਅੱਡੇ ਪਹੁੰਚ ਗਏ, ਜਿਥੇ ਪਹਿਲਾਂ ਹੀ ਖੜੇ ਅਸੀਂ ਮਾਂ ਪੁੱਤ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ। ਮੁੰਡਾ ਹੁਣ ਵੀ ਲਗਾਤਾਰ ਰੋਈ ਜਾ ਰਿਹਾ ਸੀ।

ਮੇਰੇ ਮਾਤਾ ਜੀ ਨੇ ਗੋਦੀ ਵਿੱਚ ਲੈ ਕੇ ਮੁੰਡੇ ਦੇ ਢਿੱਡ ਤੇ ਪਿੱਠ 'ਤੇ ਹੱਥ ਫੇਰਿਆ, ਪਰ ਉਹ ਰੋਣੋਂ ਹੀ ਨਾ ਹਟੇ। ਖੰਨੇ ਵਿਚਕਾਰਲੇ ਅੱਡੇ ਨੇੜੇ ਬੱਚਿਆਂ ਦੇ ਮਾਹਰ ਡਾਕਟਰ ਪੀ ਡੀ ਸਿੰਗਲਾ ਦੇ ਘਰ ਬਣੇ ਕਲੀਨਿਕ ਵਿੱਚ ਮੁੰਡੇ ਦਾ ਚੈਕਅਪ ਕਰਵਾਇਆ। ਮੁੰਡੇ ਦਾ ਪਿਲੱਤਣ ਭਰਿਆ ਚਿਹਰਾ ਦੇਖ ਕੇ ਡਾਕਟਰ ਨੇ ਹੈਰਾਨੀ ਨਾਲ ਕਿਹਾ, 'ਬੱਚੇ ਨੂੰ ਧੁੱਪੇ ਲੈ ਕੇ ਬੈਠੇ ਹੋ?' ਇਸ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ, ਕਿਉਂਕਿ ਉਨ੍ਹਾਂ ਨੇ ਬੱਚੇ ਨੂੰ ਜਨਮ ਤੋਂ ਬਾਅਦ ਕਦੇ ਦੇਹਲੀਓਂ ਬਾਹਰ ਹੀ ਨਹੀਂ ਕੱਢਿਆ ਸੀ। ਬੱਚੇ ਦਾ ਹੋਰ ਚੈਕਅਪ ਕਰਦਿਆਂ ਡਾਕਟਰ ਨੇ ਸਾਨੂੰ ਬੱਚੇ ਦੇ ਦੋਵੇਂ ਕੰਨਾਂ ਪਿੱਛੇ ਅਤੇ ਕੂਲੇ ਉਤੇ ਚੀਗਾਂ ਪੈਣ ਕਾਰਨ ਹੋਏ ਜ਼ਖਮ ਦਿਖਾਏ। ਡਾਕਟਰ ਨੇ ਦੱਸਿਆ ਕਿ ਇਨ੍ਹਾਂ ਜ਼ਖਮਾਂ ਦੀ ਤਕਲੀਫ ਕਾਰਨ ਹੀ ਬੱਚਾ ਲਗਾਤਾਰ ਰੋ ਰਿਹਾ ਹੈ। ਬੱਚੇ ਨੂੰ ਹੋਰ ਕੋਈ ਤਕਲੀਫ ਨਹੀਂ। ਬੱਚੇ ਦੇ ਪੀਣ ਤੇ ਜ਼ਖਮਾਂ 'ਤੇ ਲਾਉਣ ਵਾਲੀ ਦਵਾਈ ਦਿੰਦਿਆਂ ਡਾਕਟਰ ਨੇ ਪੀਲੀਏ ਤੋਂ ਬਚਾਉਣ ਲਈ ਹਰ ਰੋਜ਼ ਅੱਧਾ ਘੰਟਾ ਬੱਚੇ ਨੂੰ ਲੈ ਕੇ ਧੁੱਪੇ ਬੈਠਣ ਦੀ ਵੀ ਹਦਾਇਤ ਕੀਤੀ।

ਬੱਚੇ ਨੂੰ ਦਵਾਈ ਦਿਵਾਉਣ ਪਿੱਛੋਂ ਅਸੀਂ ਆਪੋ ਆਪਣੇ ਘਰਾਂ ਨੂੰ ਆ ਗਏ। ਸ਼ਾਮ ਨੂੰ ਜਦੋਂ ਮੈਂ ਫੋਨ ਕਰ ਕੇ ਬੱਚੇ ਦੀ ਖਬਰ ਪੁੱਛੀ ਤਾਂ ਭਰਾ ਦੇ ਸਹੁਰੇ ਨੇ ਦੱਸਿਆ, 'ਡਾਕਟਰ ਵੱਲੋਂ ਦਿੱਤੀ ਦਵਾਈ ਪਿਲਾਉਣ ਤੇ ਜ਼ਖਮਾਂ 'ਤੇ ਲਾਉਣ ਤੋਂ ਬਾਅਦ ਮੁੰਡਾ ਆਰਾਮ ਨਾਲ ਸੁੱਤਾ ਪਿਐ, ਹੁਣ ਉਹ ਬਿਲਕੁਲ ਨਹੀਂ ਰੋਇਆ। ਸ਼ੁਕਰ ਆ ਪਰਮਾਤਮਾ ਦਾ, ਅਸੀਂ ਹਥੌਲਿਆਂ ਦੇ ਚੱਕਰ 'ਚ ਨਹੀਂ ਪਏ।' ਭਰਾ ਦੇ ਸਹੁਰੇ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਮਨ ਨੂੰ ਬੜੀ ਤਸੱਲੀ ਹੋਈ ਕਿ ਸਾਡੇ ਪਰਵਾਰ ਦੀ ਵਿਗਿਆਨਕ ਸੋਚ ਹੋਣ ਕਾਰਨ ਉਨ੍ਹਾਂ ਨੂੰ ਜਲਦੀ ਬੱਚੇ ਦੇ ਰੋਣ ਦਾ ਅਸਲ ਰਾਜ਼ ਪਤਾ ਲੱਗ ਗਿਆ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਵਿਗਿਆਨ ਦੇ ਇਸ ਯੁੱਗ ਵਿੱਚ ਅੱਜ ਬਹੁ ਗਿਣਤੀ ਪੜ੍ਹੇ ਲਿਖੇ ਲੋਕ ਆਪਣੀਆਂ ਮੁਸ਼ਕਿਲਾਂ, ਸਮੱਸਿਆਵਾਂ, ਘਾਟਾਂ ਤੇ ਬਿਮਾਰੀਆਂ 'ਤੇ ਕਾਬੂ ਪਾਉਣ ਲਈ ਅਤੇ ਆਪਣਾ ਅਖੌਤੀ ਅਗਲਾ ਜਨਮ ਸੰਵਾਰਨ ਲਈ ਅਖੌਤੀ ਸਾਧਾਂ ਸੰਤਾਂ, ਬਾਬਿਆਂ, ਜੋਤਸ਼ੀਆਂ, ਡੇਰਾਵਾਦੀਆਂ ਅਤੇ ਧਾਰਮਿਕ ਪ੍ਰਵਚਨ ਕਰਤਾਵਾਂ ਦੇ ਮਗਰ ਲੱਗ ਕੇ ਆਪਣੀ ਆਰਥਿਕ, ਸਰੀਰਕ ਤੇ ਮਾਨਸਿਕ ਲੁੱਟ ਕਰਵਾ ਰਹੇ ਹਨ। ਇਹ ਅਖੌਤੀ ਪਾਖੰਡੀ ਬਾਬੇ ਜਨਤਾ ਨੂੰ ਮਾਇਆ ਤੋਂ ਨਿਰਲੇਪ ਰਹਿਣ ਦਾ ਉਪਦੇਸ਼ ਦਿੰਦੇ ਹਨ, ਪਰ ਆਪ ਜਨਤਾ ਦੀ ਮਿਹਨਤ ਦੀ ਕਮਾਈ 'ਤੇ ਮੌਜਾਂ ਕਰਦੇ ਹਨ। ਅੱਜ ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਪਿੰਡ ਹੋਵੇਗਾ, ਜਿਥੇ ਅਖੌਤੀ ਪਖੰਡੀ ਵਿਹਲੜ ਸਾਧਾਂ ਦਾ ਡੇਰਾ ਨਾ ਹੋਵੇ। ਭਾਵੇਂ ਤਰਕਸ਼ੀਲ ਵੀਰ ਲੋਕਾਂ ਨੂੰ ਵਿਗਿਆਨਕ ਸੋਚ ਅਪਣਾਉਣ ਦਾ ਹੋਕਾ ਦਿੰਦੇ ਹਨ, ਫਿਰ ਵੀ ਬਹੁ ਗਿਣਤੀ ਭੋਲੇ ਲੋਕ ਅੰਧ ਵਿਸ਼ਵਾਸ ਦੇ ਚੱਕਰ ਵਿੱਚ ਫਸੇ ਹੋਏ ਹਨ। ਅੱਜ ਲੋੜ ਹੈ ਸਾਡੇ ਰਾਜਨੀਤਕ ਲੀਡਰ ਵੋਟਾਂ ਦੀ ਰਾਜਨੀਤੀ ਤੋਂ ਉਪਰ ਉਠ ਕੇ ਧਰਮ ਦੇ ਨਾਂ 'ਤੇ ਚੱਲ ਰਹੀਆਂ ਡੇਰਾ ਰੂਪੀ ਦੁਕਾਨਾਂ ਨੂੰ ਬੰਦ ਕਰਵਾਉਣ ਲਈ ਪ੍ਰਸ਼ਾਸਨ ਤੇ ਤਰਕਸ਼ੀਲ ਵੀਰਾਂ ਨੂੰ ਪੂਰਨ ਸਹਿਯੋਗ ਦੇਣ ਤਾਂ ਜੋ ਭੋਲੇ ਭਾਲੇ ਲੋਕਾਂ ਦੀ ਹੁੰਦੀ ਆਰਥਿਕ, ਸਰੀਰਕ ਤੇ ਮਾਨਸਿਕ ਲੁੱਟ ਖਸੁੱਟ ਬੰਦ ਹੋ ਸਕੇ।

## ਹਲਕਾ ਫੁਲਕਾ

ਚਪੜਾਸੀ ਨੇ ਸਾਹਿਬ ਤੋਂ ਪੁੱਛਿਆ, "ਸਾਹਿਬ, ਤੁਹਾਡੀ ਸੈਕਟਰੀ ਨੂੰ ਤਿਤਲੀ ਕਿਉਂ ਕਹਿੰਦੇ ਹਨ?"
ਸਾਹਿਬ ਨੇ ਹੱਥ ਮਲਦੇ ਹੋਏ ਜਵਾਬ ਦਿੱਤਾ, "...ਕਿਉਂਕਿ ਉਹ ਮੇਰੇ ਹੱਥ ਨਹੀਂ ਆਉਂਦੀ।"

********

ਇੱਕ ਆਦਮੀ ਪ੍ਰਾਰਥਨਾ ਕਰ ਰਿਹਾ ਸੀ, "ਹੇ ਭਗਵਾਨ, ਮੇਰੇ ਦੁਸ਼ਮਣ ਦਾ ਨਾਸ਼ ਕਰ ਦਿਓ।"
ਇੰਨਾ ਸੁਣਦੇ ਹੀ ਉਸ ਦੀ ਪਤਨੀ ਬੋਲੀ, "ਤੁਸੀਂ ਹਜ਼ਾਰ ਵਾਰ ਮੱਥਾ ਰਗੜੋ, ਗਿੜਗਿੜਾਓ, ਪਰ ਮੇਰਾ ਵਾਲ ਵੀ ਵਿੰਗਾ ਨਹੀਂ ਹੋਵੇਗਾ।"

********

ਪਤੀ ਨੇ ਹਲਵਾ ਖਾ ਕੇ ਮੂੰਹ ਬਣਾਇਆ ਤਾਂ ਪਤਨੀ ਨੇ ਕਿਹਾ, "ਕੀ ਤੁਹਾਨੂੰ ਹਲਵਾ ਪਸੰਦ ਨਹੀਂ ਆਇਆ? ਬੱਚੇ ਤਾਂ ਤਿੰਨ-ਤਿੰਨ ਪਲੇਟ ਖਾ ਗਏ।"
ਉਦੋਂ ਅੰਦਰੋਂ ਬੱਚਿਆਂ ਦੀ ਆਵਾਜ਼ ਆਈ, "ਇੱਕ-ਇੱਕ ਪਲੇਟ ਹਲਵਾ ਹੋਰ ਭੇਜ ਦਿਓ, ਅਜੇ ਦੋ ਕਿਤਾਬਾਂ ਹੋਰ ਜੋੜਨੀਆਂ ਬਾਕੀ ਹਨ।"

********

ਲੜਕਾ, "ਮੈਂ ਤੁਹਾਡੀ ਬੇਟੀ ਨਾਲ ਵਿਆਹ ਕਰਨਾ ਚਾਹੁੰਦਾ ਹਾਂ?"
ਲੜਕੀ ਦਾ ਪਿਤਾ, "ਕਿੰਨਾ ਕਮਾ ਲੈਂਦੇ ਹੋ?"
ਲੜਕਾ, "18,000 ਰੁਪਏ ਮਹੀਨਾ।"
ਲੜਕੀ ਦਾ ਪਿਤਾ, "15,000 ਮੈਂ ਆਪਣੀ ਬੇਟੀ ਨੂੰ ਪਾਕੇਟ ਮਨੀ ਦਿੰਦਾ ਹਾਂ।"
ਲੜਕਾ, "ਉਹ ਵੀ ਵਿੱਚ ਮਿਲਾ ਕੇ ਹੀ ਦੱਸ ਰਿਹਾ ਹਾਂ ਅੰਕਲ।"

********

ਸ਼ੀਲਾ, "ਪਤਨੀ ਹਰ ਜਨਮ ਵਿੱਚ ਉਹੀ ਪਤੀ ਕਿਉਂ ਚਾਹੁੰਦੀ ਹੈ?"
ਲੀਲਾ, "...ਤਾਂ ਕਿ ਉਸ ਪਤੀ ਨੂੰ ਸੁਧਾਰਨ ਵਿੱਚ ਲੱਗੀ ਮਿਹਨਤ ਬੇਕਾਰ ਨਾ ਜਾਵੇ।"

********

ਇੱਕ 10 ਸਾਲਾ ਬੱਚਾ ਬੜੇ ਧਿਆਨ ਨਾਲ ਕਿਤਾਬ ਪੜ੍ਹ ਰਿਹਾ ਸੀ, ਜਿਸ ਦਾ ਸਿਰਲੇਖ ਸੀ: ਬੱਚਿਆਂ ਦਾ ਪਾਲਣ ਪੋਸ਼ਣ ਕਿਵੇਂ ਕਰੀਏ?
ਮਾਂ ਨੇ ਪੁੱਛਿਆ,"ਤੂੰ ਇਹ ਕਿਤਾਬ ਕਿਉਂ ਪੜ੍ਹ ਰਿਹਾ ਏਂ?"
ਬੱਚਾ, "ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ ਮੇਰਾ ਪਾਲਣ ਪੋਸ਼ਣ ਸਹੀ ਢੰਗ ਨਾਲ ਹੋ ਰਿਹਾ ਹੈ ਜਾਂ ਨਹੀਂ?"


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

ukttc UK TRUCK TRAINING CENTRE
PCC #179958
Registered as a Private Careers College
We help in Written Test & in Finding Jobs
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification





Counterbalance
Reach Truck
NEW LOCATION !!!
225 Sheldon Dr
Unit 18, Cambridge
Call Jitpal Singh Deol
647-204-1936
Kuldip Singh Grewal
647.894.8590
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Gurjot Singh Grewal 437.224.8500

## ਗੁਰਦੁਆਰਾ ਪਹਿਲੀ ਪਾਤਸ਼ਾਹੀ, ਚਾਵਲੀ ਮਸ਼ਾਇਖ਼, ਬੂਰੇਵਾਲਾ



ਇਹ ਪਾਵਨ ਅਸਥਾਨ ਜ਼ਲਿਾ ਵਿਹਾੜੀ ਦੀ ਤਹਿਸੀਲ ਬੂਰੇਵਾਲਾ ਤੋ ਸਾਹੋਕੀ ਜਾਣ ਵਾਲੀ ਸੜਕ ਉੱਤੇ ਚੱਕ ਨੰ. EB 317 ਜਿਹਨੂੰ ਚੱਕ ਦੀਵਾਨ ਸਾਹਿਬ ਚਾਵਲੀ ਮਸ਼ਾਇਖ ਜਾ ਚੱਕ ਹਾਜੀ ਸ਼ੇਰ ਵੀ ਆਖਿਆ ਜਾਦਾ ਹੈ, ਵਿੱਚ ਹੈ । ਰੇਲਵੇ ਸਟੇਸ਼ਨ ਬੂਰੇਵਾਲਾ ਤੋਂ ਸਾਹੋਕੀ ਜਾਣ ਵਾਲੀਆ ਬੱਸਾ ਇਸ ਪਿੰਡ ਵਿੱਚੋਂ ਜਾਦੀਆ ਹਨ . ਇਸ ਥਾ ਦੀਵਾਨ ਹਾਜੀ ਸ਼ੇਰ ਮੁਹੰਮਦ ਜੀ ਹੋਰਾਂ ਦਾ ਮਜ਼ਾਰ ਹੈ । ਇਹਨਾ ਦਾ ਨਾ ਪਹਿਲਾ "ਮਹਾ ਰਾਵਰ" ਸੀ ਤੇ ਇਹ ਚੁਣੀਆ ਦੇ ਰਾਜੇ ਮਹੀਪਾਲ ਤੇ ਰਾਣੀ ਚੁਣੀਆ ਦੇ ਪੁੱਤਰ ਸਨ । ਇਹਨਾ ਦੀ ਭੈਣ ਦਾ ਨਾ "ਕੰਗਣ ਬਰਸ" ਸੀ, ਜਿਹਦੇ ਨਾ ਉੱਤੇ ਜ਼ਲਿਾ ਕਸੂਰ ਅੰਦਰ ਪ੍ਰਸਿਧ ਕਸਬਾ ਕੰਗਣ ਪੁਰ ਅੱਜ ਵੀ ਆਬਾਦ ਹੈ । 730 ਈ : ਦੇ ਨੇੜੇ ਤੇੜੇ ਇਹਨਾ ਇਸ ਦੁਨੀਆ ਤੋਂ ਪਰਦਾ ਕੀਤਾ। ਇਹਨਾ ਦੇ ਮਿਜ਼ਾਰ ਤੋਂ ਕੋਈ ਅੱਧਾ ਕਿਲੋਮੀਟਰ ਅੱਗੇ ਆਬਾਦੀ ਵਿੱਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਿਰਾਜਣ ਅਸਥਾਨ ਉੱਤੇ ਸੁੰਦਰ ਦਰਬਾਰ ਬਣਿਆ ਹੋਇਆ ਹੈ। ਇਸ ਅਸਥਾਨ ਨੂੰ ਸਾਧਾਰਨ ਲੋਕ ਅੱਜ ਵੀ "ਤਪ ਅਸਥਾਨ ਗੁਰੂ ਨਾਨਕ" ਕਹਿ ਕੇ ਯਾਦ ਕਰਦੇ ਹਨ । ਕਦੇ ਇੱਥੇ ਅਕਾਲੀ ਸੇਵਾਦਾਰ ਸਨ, ਹੁਣ ਇੱਕ ਮੁਸਲਮਾਨ ਪਰਿਵਾਰ ਸੇਵਾ ਨਿਭਾ ਰਿਹਾ ਹੈ ।

# ਕਈ ਅਰਥਾਂ ਵਿੱਚ ਲਾਮਿਸਾਲ ਹੈ ਇਹ ਅੰਦੋਲਨ

-ਆਕਾਰ ਪਟੇਲ

ਮੇਰੀ ਉਮਰ ਪੰਜਾਹ ਸਾਲ ਹੈ ਅਤੇ ਮੈਂ ਅੱਜ ਤੱਕ ਇੰਨਾ ਵੱਡਾ ਅੰਦੋਲਨ ਕਦੇ ਨਹੀਂ ਦੇਖਿਆ, ਜਿੰਨਾ ਨਾਗਰਿਕਤਾ ਸੋਧ ਕਾਨੂੰਨ ਅਤੇ ਰਾਸ਼ਟਰੀ ਨਾਗਰਿਕ ਰਜਿਸਟਰ ਅਤੇ ਰਾਸ਼ਟਰੀ ਆਬਾਦੀ ਰਜਿਸਟਰ ਵਿਰੁੱਧ ਕੀਤਾ ਜਾ ਰਿਹਾ ਹੈ। ਇਹ ਉਨ੍ਹਾਂ ਸਭ ਤੋਂ ਕਾਫੀ ਵੱਖਰਾ ਹੈ, ਜੋ ਕੁਝ ਅੱਜ ਤੱਕ ਅਸੀਂ ਦੇਖਿਆ ਹੈ।

ਮੈਂ ਕਈ ਵੱਡੇ ਅੰਦੋਲਨ ਦੇਖੇ ਹਨ। ਮੇਰੇ ਜ਼ਿਹਨ ਵਿੱਚ ਐਮਰਜੈਂਸੀ ਦੀਆਂ ਧੁੰਦਲੀਆਂ ਯਾਦਾਂ ਹਨ। ਮੁੰਬਈ ਵਿੱਚ ਸਾਡੇ ਵਿਲੇ ਪਾਰਲੇ ਪੂਰਬੀ ਗੁਆਂਢ ਵਿੱਚ ਕੁਝ ਹਲਚਲ ਹੋਈ, ਪਰ ਇਹ ਜ਼ਿਆਦਾ ਸਮਾਂ ਨਹੀਂ ਰਹੀ। ਇਸ ਖੇਤਰ ਵਿੱਚ ਗਲੀਆਂ 'ਚ ਜ਼ਿਆਦਾ ਗਿਣਤੀ ਵਿੱਚ ਲੋਕ ਨਹੀਂ ਸਨ। ਮੈਨੂੰ ਯਾਦ ਹੈ, ਜਨਤਾ ਪਾਰਟੀ ਦੇ ਲੋਕ ਪੀਲੇ ਰੰਗ ਦੀ ਬੁੱਕਲੇਟ ਵੰਡ ਰਹੇ ਸਨ, ਜਿਸ 'ਚ ਇੰਦਰਾ ਗਾਂਧੀ ਸਰਕਾਰ ਵੱਲੋਂ ਕੀਤੇ ਗਏ ਅਤਿਆਚਾਰ ਦਾ ਵਰਣਨ ਸੀ, ਜੋ ਜ਼ਾਹਿਰ ਤੌਰ 'ਤੇ ਉਸ ਨੇ ਆਪਣੇ ਵਿਰੋਧੀਆਂ 'ਤੇ ਕੀਤਾ ਸੀ। ਇੱਕ ਪੇਜ 'ਤੇ ਸਿਗਰਟ ਨਾਲ ਸਾੜੇ ਹੋਏ ਵਿਅਕਤੀ ਦੀ ਡਰਾਇੰਗ ਸੀ।

ਐਮਰਜੈਂਸੀ 'ਚ ਜ਼ਿਆਦਾਤਰ ਅਤਿਆਚਾਰ ਕਾਂਗਰਸ ਦੇ ਸਿਆਸੀ ਵਿਰੋਧੀਆਂ ਅਤੇ ਮੀਡੀਆ ਉਤੇ ਕੀਤਾ ਗਿਆ। ਸਿਆਸੀ ਵਿਰੋਧੀਆਂ ਨੂੰ ਜੇਲ੍ਹ ਵਿੱਚ ਡੱਕਿਆ ਗਿਆ ਅਤੇ ਮੀਡੀਆ 'ਤੇ ਸੈਂਸਰਸ਼ਿਪ ਲਾਈ ਗਈ। ਇਹ ਸਿਆਸੀ ਲੜਾਈ ਸੀ, ਜੋ ਸੱਤਾ ਲਈ ਲੜੀ ਗਈ, ਜਿਸ ਵਿੱਚ ਮੋਟੇ ਤੌਰ 'ਤੇ ਨਾਗਰਿਕਾਂ ਨੂੰ ਨਹੀਂ ਛੇੜਿਆ ਗਿਆ। ਭਾਰਤੀ ਮੱਧਵਰਗੀ ਲੋਕ ਆਮ ਤੌਰ 'ਤੇ ਇੰਦਰਾ ਗਾਂਧੀ ਵੱਲ ਸੀ। ਇਸ ਵਰਗ ਕੋਲ ਐਮਰਜੈਂਸੀ ਦੀਆਂ ਕੋਈ ਬੁਰੀਆਂ ਯਾਦਾਂ ਨਹੀਂ ਹਨ। ਅੰਦੋਲਨ ਦਾ ਅਗਲਾ ਦੌਰ ਐਮਰਜੈਂਸੀ ਦੇ ਇੱਕ ਦਹਾਕੇ ਬਾਅਦ ਆਇਆ ਤੇ ਇਹ ਮੰਡਲ ਬਾਰੇ ਸੀ, ਪਰ ਮੰਡਲ ਤੋਂ ਪਹਿਲਾਂ ਗੁਜਰਾਤ (ਉਸ ਸਮੇਂ ਮੈਂ ਸੂਰਤ ਵਿੱਚ ਰਹਿੰਦਾ ਸੀ) ਵਿੱਚ 1985 ਵਿੱਚ ਅੰਦੋਲਨ ਹੋਇਆ, ਜੋ ਰਿਜ਼ਰਵੇਸ਼ਨ ਦੇ ਵਿਰੁੱਧ ਸੀ ਅਤੇ ਸ਼ਹਿਰੀ ਮੱਧ ਵਰਗ, ਮੇਰੇ ਦੋਸਤਾਂ ਸਮੇਤ ਘਰ-ਘਰ ਗਏ ਤੇ ਦਲਿਤਾਂ ਵਿਰੁੱਧ ਸੰਦੇਸ਼ ਦਿੱਤਾ। ਬੇਸ਼ੱਕ ਪ੍ਰਦਰਸ਼ਨਕਾਰੀ ਸਵਰਨ ਜਾਤੀ ਦੇ ਸਨ, ਜਿਵੇਂ ਗੁਜਰਾਤ ਵਿੱਚ ਅਕਸਰ ਹੁੰਦਾ ਹੈ, ਇਹ ਅੰਦੋਲਨ ਦੰਗਿਆਂ ਵਿੱਚ ਬਦਲ ਗਿਆ ਅਤੇ ਬਿਨਾਂ ਕਿਸੇ ਕਾਰਨ ਦੇ ਮੁਸਲਮਾਨਾਂ ਨੂੰ ਸਜ਼ਾ ਦਿੱਤੀ ਗਈ।

ਇਸ ਤੋਂ ਕੁਝ ਸਾਲ ਬਾਅਦ ਮੰਡਲ ਅੰਦੋਲਨ ਹੋਇਆ। ਇਸ ਦੌਰਾਨ ਦੋ ਤਰ੍ਹਾਂ ਦੇ ਪ੍ਰਦਰਸ਼ਨਕਾਰੀ ਸਨ, ਜਿਨ੍ਹਾਂ 'ਚੋਂ ਕੁਝ ਰਿਜ਼ਰਵੇਸ਼ਨ ਦੇ ਪੱਖ ਵਿੱਚ ਸਨ ਤੇ ਕੁਝ ਵਿਰੋਧ ਵਿੱਚ, ਕਿਉਂਕਿ ਮੰਡਲ ਸਵਰਨ ਜਾਤਾਂ ਨੂੰ ਮਜ਼ਬੂਤ ਬਣਾਉਂਦਾ ਸੀ (ਬਹੁਤ ਸਾਰੇ ਭਾਰਤੀ ਇਸ ਗੱਲ ਨੂੰ ਨਹੀਂ ਸਮਝਦੇ ਕਿ ਓ ਬੀ ਸੀ ਵਿੱਚ ਸੀ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ, ਨਾ ਕਿ ਜਾਤੀ ਦੀ। ਇਸ ਹਾਲਤ ਵਿੱਚ ਉਹ ਕਾਫੀ ਲੋਕਾਂ ਨੂੰ ਅੰਦੋਲਨ ਵਿੱਚ ਸ਼ਾਮਲ ਕਰਨ ਵਿੱਚ ਕਾਮਯਾਬ ਰਹੇ, ਜਿੰਨਾ ਦਲਿਤ ਨਹੀਂ ਕਰ ਸਕਦੇ ਸਨ ਅਤੇ ਉਚ ਜਾਤਾਂ ਇਸ ਗੱਲ ਦਾ ਵਿਰੋਧ ਕਰਦੀਆਂ ਸਨ ਕਿ ਉਨ੍ਹਾਂ ਦੇ ਏਕਾਧਿਕਾਰ ਨੂੰ ਖਤਰਾ ਪੈਦਾ ਹੋ ਰਿਹਾ ਹੈ। ਗੋਸਵਾਮੀ ਨਾਂਅ ਦੇ ਵਿਅਕਤੀ ਨੇ ਖੁਦ ਨੂੰ ਅੱਗ ਲਾ ਲਈ ਅਤੇ ਉਹ ਇੱਕ ਤਰ੍ਹਾਂ ਹੀਰੋ ਬਣ ਗਿਆ।

ਇਸੇ ਤਰ੍ਹਾਂ ਦੌਰਾਨ ਇੱਕ ਹੋਰ ਅੰਦੋਲਨ ਹੋਇਆ ਸੀ ਅਤੇ ਇਹ ਸਭ ਤੋਂ ਖਤਰਨਾਕ ਸੀ। ਇਹ ਅੰਦੋਲਨ ਬਾਬਰੀ ਮਸਜਿਦ ਨੂੰ ਲੈ ਕੇ ਸੀ। ਐੱਲ ਕੇ ਅਡਵਾਨੀ ਆਪਣੀ ਆਤਮਕਥਾ ਵਿੱਚ ਲਿਖਦੇ ਹਨ ਕਿ ਉਨ੍ਹਾਂ ਦੀ ਰੱਥ ਯਾਤਰਾ ਦੇ ਰਾਹ ਵਿੱਚ ਕੋਈ ਹਿੰਸਾ ਨਹੀਂ ਹੋਈ, ਪਰ ਦੇਸ਼ ਵਿੱਚ ਗੁਆਂਢੀ ਸਥਾਨਾਂ 'ਤੇ ਕਾਫੀ ਹਿੰਸਕ ਅੰਦੋਲਨ ਹੋਏ ਅਤੇ ਇੱਕ ਵਾਰ ਫਿਰ ਮੁਸਲਮਾਨਾਂ ਨੂੰ ਸਜ਼ਾ ਦਿੱਤੀ ਗਈ। ਮਸਜਿਦ ਨੂੰ ਡੇਗਣ ਤੋਂ ਬਾਅਦ 2000 ਭਾਰਤੀਆਂ ਦੀ ਮੌਤ ਹੋਈ। ਢਾਂਚਾ ਡੇਗੇ ਜਾਣ ਤੋਂ ਪਹਿਲਾਂ ਕਾਫੀ ਲੰਮਾ ਅੰਦੋਲਨ ਚੱਲਿਆ, ਪਰ ਉਹ ਮੌਜੂਦਾ ਸਮੇਂ ਦੇ ਅੰਦੋਲਨ ਵਾਂਗ ਨਹੀਂ ਸੀ ਅਤੇ ਅਸੀਂ ਜਾਣਾਂਗੇ ਕਿ ਅਜਿਹਾ ਕਿਉਂ ਸੀ?

ਤੁਸੀਂ ਜਾਣਦੇ ਹੋ ਕਿ ਭਾਰਤ 'ਚ ਲਗਭਗ ਸਾਰੇ ਅੰਦੋਲਨ ਨਿੰਜੀ ਕਾਰਨਾਂ ਕਰ ਕੇ ਹੋਏ ਹਨ। ਮੰਡਲ ਅਤੇ ਮੰਦਰ ਨੂੰ ਲੈ ਕੇ ਅੰਦੋਲਨਕਾਰੀ ਖੁਦ ਲਈ ਅੰਦੋਲਨ ਕਰਦੇ ਸਨ। ਕੋਈ ਰਿਜ਼ਰਵੇਸ਼ਨ ਨਾਲ ਸਹਿਮਤ ਹੋਵੇ ਜਾਂ ਨਾ ਹੋਵੇ, ਪਰ ਸੱਚਾਈ ਇਹ ਹੈ ਕਿ ਅੰਦੋਲਨ ਵਿੱਚ ਸ਼ਾਮਲ ਦੋਵਾਂ ਪਾਸਿਆਂ ਦੇ ਲੋਕ ਆਪੋ-ਆਪਣੇ ਹਿੱਤਾਂ ਲਈ ਖੜ੍ਹੇ ਹਨ।

ਇਸ ਤੋਂ ਪਹਿਲਾਂ ਕਦੇ ਵੀ ਸੰਵਿਧਾਨ ਦੇ ਪੱਖ ਵਿੱਚ ਇੰਨਾ ਵੱਡਾ ਅੰਦੋਲਨ ਨਹੀਂ ਹੋਇਆ। ਇਰੋਮ ਸ਼ਰਮੀਲਾ ਨੇ ਸੰਵਿਧਾਨਵਾਦ ਅਤੇ ਮਨੁੱਖੀ ਅਧਿਕਾਰਾਂ ਦੇ ਸਮਰਥਨ ਵਿੱਚ ਲੰਮਾ ਅੰਦੋਲਨ ਕੀਤਾ ਸੀ। ਇਸ ਸਮੇਂ ਜਾਰੀ ਅੰਦੋਲਨ ਵਿੱਚ ਲੱਖਾਂ ਭਾਰਤੀ ਕੁਝ ਕਦਰਾਂ ਕੀਮਤਾਂ ਲਈ ਅੱਗੇ ਆਏ, ਨਾ ਕਿ ਨਿੰਜੀ ਲਾਭ ਲਈ। ਬਹੁਤ ਸਾਰੇ ਪ੍ਰਦਰਸ਼ਨਕਾਰੀਆਂ ਨੂੰ (ਮੇਰੇ ਵਾਂਗ) ਸਰਕਾਰ ਨੂੰ ਡੇਗਣ ਜਾਂ ਉਸ ਦੀ ਦਿੱਖ ਖਰਾਬ ਕਰਨ 'ਚ ਰੁਚੀ ਨਹੀਂ। ਇਹ ਚੁਣੀ ਹੋਈ ਸਰਕਾਰ ਹੈ ਅਤੇ ਆਪਣੇ ਪੰਜ ਸਾਲਾਂ ਦਾ ਕਾਰਜਕਾਲ ਪੂਰਾ ਕਰੇਗੀ ਅਤੇ ਜੇ ਮੋਦੀ ਦੁਬਾਰਾ ਚੋਣ ਜਿੱਤਦੇ ਹਨ ਤਾਂ ਉਹ ਤੀਜੀ ਵਾਰ ਪ੍ਰਧਾਨ ਮੰਤਰੀ ਬਣੇ ਰਹਿਣਗੇ। ਇਸ ਅੰਦੋਲਨ ਦਾ ਇਹ ਉਦੇਸ਼ ਨਹੀਂ ਅਤੇ ਨਾ ਇਹ ਸਾਡੀ ਚਿੰਤਾ। ਇਸ ਸਮੇਂ ਜਿਸ ਚੀਜ਼ ਦਾ ਵਿਰੋਧ ਹੋ ਰਿਹਾ ਹੈ ਤੇ ਜਿਸ ਨੂੰ ਵਾਪਸ ਲਿਆਉਣ ਦੀ ਮੰਗ ਕੀਤੀ ਜਾ ਰਹੀ ਹੈ, ਉਹ ਉਹੀ ਕਾਨੂੰਨ ਹੈ, ਜੋ ਸਪੱਸ਼ਟ ਤੌਰ 'ਤੇ ਵਿਤਕਰੇ ਪੂਰਨ ਹੈ ਅਤੇ ਭਾਰਤੀ ਸੰਵਿਧਾਨ ਤੇ ਉਨ੍ਹਾਂ ਸੰਧੀਆਂ ਤੇ ਸਮਝੌਤਿਆਂ ਦੀ ਉਲੰਘਣਾ ਕਰਦਾ ਹੈ। ਇਹ ਸੱਚ ਹੈ ਕਿ ਬਹੁਤ ਸਾਰੇ ਪ੍ਰਦਰਸ਼ਨਕਾਰੀ ਮੁਸਲਮਾਨ ਹਨ, ਜਿਨ੍ਹਾਂ ਨੂੰ ਇਸ ਗੱਲ ਦਾ ਡਰ ਹੈ ਕਿ ਉਨ੍ਹਾਂ ਦੇ ਅਧਿਕਾਰ ਉਨ੍ਹਾਂ ਤੋਂ ਖੋਹੇ ਜਾਣੇ ਹਨ। ਉਨ੍ਹਾਂ ਦਾ ਡਰ ਜਾਇਜ਼ ਹੈ, ਪਰ ਇਥੇ ਉਹ ਕੋਈ ਨਵੀਂ ਚੀਜ਼ ਨਹੀਂ ਮੰਗਦੇ, ਸਿਵਾਏ ਇਸ਼ ਦੇ ਕਿ ਉਨ੍ਹਾਂ ਕੋਲ ਜੋ ਕੁਝ ਪਹਿਲਾਂ ਹੈ, ਉਹ ਕਾਇਮ ਰਹਿਣਾ ਚਾਹੀਦਾ ਹੈ। ਇਹ ਲੋਕ ਰਿਜ਼ਰਵੇਸ਼ਨ ਨਹੀਂ ਚਾਹੁੰਦੇ ਅਤੇ ਨਾ ਮੰਦਰ ਚਾਹੁੰਦੇ ਹਨ ਅਤੇ ਨਾ ਉਨ੍ਹਾਂ ਦੀ ਕੋਈ ਹੋਰ ਮੰਗ ਹੈ, ਸਿਵਾਏ ਇਸ ਦੇ ਕਿ ਉਨ੍ਹਾਂ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ। ਇਹੀ ਕਾਰਨ ਹੈ ਕਿ ਇਹ ਪ੍ਰਦਰਸ਼ਨ ਵੱਖਰੀ ਕਿਸਮ ਦਾ ਹੈ ਅਤੇ ਇਹੀ ਕਾਰਨ ਹੈ ਕਿ ਇਸ ਪ੍ਰਦਰਸ਼ਨ ਨੇ ਪਹਿਲੀ ਵਾਰ ਭਾਰਤੀ ਸਰਕਾਰ ਨੂੰ ਅਨਿਸ਼ਚਿਤਤਾ ਦੀ ਸਥਿਤੀ ਵਿੱਚ ਪਾ ਦਿੱਤਾ ਹੈ ਅਤੇ ਉਹ ਅੱਗੇ ਕੀ ਕਰੇ? ਆਉਣ ਵਾਲੀਆਂ ਸਥਿਤੀਆਂ ਉਸ ਦੇ ਕੰਟਰੋਲ ਵਿੱਚ ਨਹੀਂ ਹਨ, ਜੋ ਚਿੰਤਾਜਨਕ ਹਨ।

ਇਹੀ ਕਾਰਨ ਹੈ ਕਿ ਦੁਨੀਆ ਇਸ ਚੀਜ਼ ਦਾ ਨੋਟਿਸ ਲੈ ਰਹੀ ਹੈ ਅਤੇ ਉਹ ਮੋਦੀ 'ਤੇ ਦਬਾਅ ਪਾ ਰਹੀ ਹੈ। ਇਹ ਸਿਰਫ ਮਹਾਤਿਰ ਮੁਹੰਮਦ ਅਤੇ ਅਮਰੀਕੀ ਪਾਰਲੀਮੈਂਟ ਮੈਂਬਰ ਪਰਮੀਲਾ ਜੈਪਾਲ ਹੀ ਨਹੀਂ, ਜੋ ਮੋਦੀ ਨੂੰ ਨਾਗਰਿਕਤਾ ਅਤੇ ਕਸ਼ਮੀਰ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਨੂੰ ਰੋਕਣ ਲਈ ਕਹਿ ਰਹੇ ਹਨ। ਭਾਰਤ 'ਤੇ ਇਹ ਦੋਸ਼ ਲੱਗ ਰਿਹਾ ਹੈ ਕਿ ਉਹ ਆਪਣੇ ਹੀ ਨਾਗਰਿਕਾਂ ਉਤੇ ਤਸ਼ੱਦਦ ਕਰ ਰਿਹਾ ਹੈ ਅਤੇ ਉਸ ਕੋਲ ਇਸ ਦੋਸ਼ ਦੇ ਬਚਾਅ 'ਚ ਕੋਈ ਤਰਕ ਨਹੀਂ ਹੈ।

ਇਸ ਤੱਥ ਨੂੰ ਸਵੀਕਾਰ ਕਰਨ ਕਿ ਇਹ ਅੰਦੋਲਨ ਨੈਤਿਕ ਅਤੇ ਜਾਇਜ਼ ਹੈ ਅਤੇ ਇਸ ਨੂੰ ਕਾਨੂੰਨ ਤੇ ਪ੍ਰਸਤਾਵਿਤ ਸਰਵੇ ਨੂੰ ਵਾਪਿਸ ਲੈਣ ਨਾਲ ਹੀ ਇਹ ਪ੍ਰਦਰਸ਼ਨ ਖਤਮ ਹੋਵੇਗਾ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ, ਜੋ ਦੋਵੇਂ ਤੇਜ਼ ਬੁੱਧੀ ਵਾਲੇ ਰਾਜਨੇਤਾ ਹਨ, ਇਸ ਗੱਲ ਨੂੰ ਸਮਝਣਗੇ ਅਤੇ ਉਚਿਤ ਫੈਸਲਾ ਲੈਣਗੇ।

# ਜ਼ਿੰਦਗੀ ਦੀ ਸ਼ਾਮ 'ਚ ਵਿਆਹੁਤਾ ਜੀਵਨ

-ਹਰਦੀਪ ਸਿੰਘ ਝੱਜ-



ਬੁਢਾਪੇ ਦਾ ਸਫ਼ਰ ਮਜਬੂਰੀਆਂ, ਲਾਚਾਰੀਆਂ, ਬੇਵਸੀਆਂ ਤੇ ਉਦਾਸੀਆਂ ਸੰਗ ਤੈਅ ਕਰਨਾ ਪੈਂਦਾ ਹੈ। ਸ਼ਾਇਦ ਹੀ ਕੋਈ ਵਿਅਕਤੀ ਅਜਿਹਾ ਹੋਵੇਗਾ ਜਿਸ ਨੂੰ ਸਾਰੇ ਸੁੱਖ ਪ੍ਰਾਪਤ ਹੋਏ ਹੋਣ ਜਾਂ ਬੁਢਾਪੇ ਵਿੱਚ ਹਰ ਪੱਖ ਤੋਂ ਸੁੱਖ ਅਤੇ ਸ਼ਾਂਤੀ ਮਾਣ ਰਿਹਾ ਹੋਵੇ। ਬੁਢਾਪੇ ਵਿੱਚ ਜੀਵਨ ਦੀ ਇਕਸਾਰਤਾ, ਲਗਾਤਾਰਤਾ ਤੇ ਸਾਂਝ ਦਾ ਰਹਿ ਸਕਣਾ ਸੰਭਵ ਨਹੀਂ। ਮਨੁੱਖ ਬੁਢਾਪੇ 'ਚ ਕਿਸੇ ਨਾ ਕਿਸੇ ਪੱਖ ਤੋਂ ਟੁੱਟਦਾ, ਥਿੜਕਦਾ ਤੇ ਹਾਰਦਾ ਜ਼ਰੂਰ ਹੈ। ਇਹ ਹਾਰ ਜ਼ਿੰਦਗੀ ਦੇ ਆਖ਼ਰੀ ਪੜਾਅ ਦਾ ਅਣਚਾਹਿਆ ਤੋਹਫਾ ਹੈ। ਬੁਢਾਪਾ ਜ਼ਿੰਦਗੀ ਦਾ ਉਹ ਅੰਤਲਾ ਪੜਾਅ ਹੈ, ਜਿੱਥੇ ਉਸ ਨੂੰ ਉਨ੍ਹਾਂ ਗੱਲਾਂ ਅੱਗੇ ਸਿਰ ਝੁਕਾਉਣਾ ਪੈਂਦਾ ਹੈ, ਜਿਨ੍ਹਾਂ ਅੱਗੇ ਉਹ ਛਾਤੀ ਤਾਣ ਕੇ ਖੜ੍ਹਦਾ ਰਿਹਾ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਵਿਅਕਤੀ ਦਾ ਬਲ ਘਟਦਾ ਹੈ, ਟੁੱਟਦਾ ਹੈ ਤੇ ਅਨੇਕ ਪ੍ਰਕਾਰ ਦੇ ਦੁੱਖ ਜਾਂ ਬੰਧਨ ਉਸ ਨੂੰ ਆਣ ਘੇਰਦੇ ਹਨ।

ਬੁਢਾਪੇ ਦਾ ਸਫ਼ਰ ਜਦੋਂ ਮੁਸੀਬਤਾਂ ਭਰਿਆ ਹੈ ਤਾਂ ਇਸ ਨੂੰ ਇਕੱਲਿਆਂ ਜਿਉਣਾ ਹੋਰ ਦੁੱਭਰ ਹੋ ਜਾਂਦਾ ਹੈ। ਇਹ ਸਥਿਤੀ ਉਦੋਂ ਆਉਂਦੀ ਹੈ, ਜਦੋਂ ਕਿਸੇ ਦਾ ਜੀਵਨ ਸਾਥੀ ਵਿੱਛੜ ਗਿਆ ਹੋਵੇ। ਜੀਵਨ ਸਾਥੀ ਦੀ ਥਾਂ ਜੇ ਕੋਈ ਬਦਲਵਾਂ ਪ੍ਰਬੰਧ ਹੋ ਜਾਵੇ ਜਾਂ ਕਰ ਲਿਆ ਜਾਵੇ ਤਾਂ ਉਹ ਕੇਵਲ ਆਪਣੇ ਹਿੱਤ ਤੱਕ ਕਾਇਮ/ ਸੀਮਤ ਰਹਿੰਦਾ ਹੈ। ਪਤੀ-ਪਤਨੀ ਦੇ ਪੱਕੇ ਰਿਸ਼ਤੇ ਵਾਲੀ ਪਾਕੀਜ਼ਗੀ, ਅਪਣੱਤ ਤੇ ਪਿਆਰ ਕਿਸੇ ਬਦਲਵੇਂ ਰਿਸ਼ਤੇ ਵਿੱਚ ਨਹੀਂ ਹੋ ਸਕਦਾ। ਪਤੀ-ਪਤਨੀ ਦਾ ਰਿਸ਼ਤਾ ਹੀ ਵਧੇਰੇ ਪੁਖ਼ਤਾ ਤੇ ਪੀਢਾ ਹੈ। ਹੋਰ ਰਿਸ਼ਤੇ ਕੱਚੇ, ਵਕਤੀ ਤੇ ਮਤਲਬੀ ਹਨ, ਪਰ ਸੰਸਾਰੀ ਜੀਵ ਨੂੰ ਇਨ੍ਹਾਂ ਨਾਲ ਜੁੜਨਾ ਪੈਂਦਾ ਹੈ। ਦੰਪਤੀ ਜੀਵਨ ਵਿੱਚ ਮੀਆਂ-ਬੀਵੀ ਦੀ ਆਪਸੀ, ਸਾਂਝ, ਚਾਹਤ, ਧੁਰ ਅੰਦਰ ਦੀ ਖਿੱਚ, ਮੋਹ ਦੀਆਂ ਜੁੜਵੀਆਂ ਤੰਦਾਂ ਦੀ ਹੋਂਦ ਤੇ ਭਾਵਨਾਵਾਂ ਦੀ ਇਕਮਿਕਤਾ ਦਾ ਬਣੇ ਰਹਿਣਾ ਹੀ ਤੇ ਭਾਵਨਾਵਾਂ ਦੀ ਇਕਮਿਕਤਾ ਦਾ ਬਣੇ ਰਹਿਣਾ ਹੀ ਜ਼ਿੰਦਗੀ ਦਾ ਸਵਰਗ ਹੈ।

ਦੰਪਤੀ ਜੀਵਨ ਵਿੱਚ ਆਪਸੀ ਕੌੜ, ਸੱਚ, ਬੇਭਰੋਸਗੀ ਤੇ ਕੁੜੱਤਣ ਦਾ ਬਣ ਜਾਣਾ ਹੀ ਨਰਕ ਹੈ। ਜਦੋਂ ਪਤੀ-ਪਤਨੀ ਅਜਿਹੀ ਹਾਲਤ 'ਚ ਜਿਊਣਾ ਦਾ ਯਤਨ ਕਰਦੇ ਜਾਂ ਜਿਊਣ ਦੀ ਮਜਬੂਰੀ ਵਿੱਚ ਸਾਹ ਲੈਂਦੇ ਹਨ ਤਾਂ ਜ਼ਿੰਦਗੀ ਦਾ ਵੱਡਾ ਸਰਾਪ ਹੋਰ ਨਹੀਂ ਹੁੰਦਾ। ਜ਼ਿੰਦਗੀ ਉਦੋਂ ਹੋਰ ਦੁਖਾਂਤ ਬਣ ਜਾਂਦੀ ਹੈ ਜਦੋਂ ਪਤੀ-ਪਤਨੀ ਵਿਚਾਲੇ ਕੰਧ ਉਸਰਦੀ ਕਿਲ੍ਹਾ ਬਣ ਜਾਂਦੀ ਹੈ। ਹੋਰ ਸਮਾਜੀ ਮਸਲੇ ਤਾਂ ਸ਼ਾਇਦ ਇੰਨੇ ਕਠਿਨ ਨਹੀਂ ਹੁੰਦੇ ਜਿੰਨੇ ਦੰਪਤੀ ਜੀਵਨ ਦੇ ਆਪਸੀ ਉਲਝੇ ਰਿਸ਼ਤੇ। ਜਦੋਂ ਰਿਸ਼ਤਿਆਂ ਦੀ ਉਲਝਣ ਬੇਪ੍ਰਤੀਤੀ ਦੀ ਧੂਣੀ 'ਚੋਂ ਸੁਲਘ-ਸੁਲਘ ਕੇ ਭਾਂਬੜ ਦਾ ਰੂਪ ਧਾਰਨ ਕਰ ਜਾਵੇ ਤਾਂ ਮੁੜ ਕੇ ਹਾਲਾਤ ਦਾ ਬਹਾਲ ਹੋਣਾ ਔਖਾ ਹੋ ਜਾਂਦਾ ਹੈ। ਨੇੜਤਾ, ਨਿਮਰਤਾ, ਨਿਸ਼ਕਾਮਤਾ, ਨਿਰਵੈਰਤਾ ਤੇ ਨਿਡਰਤਾ ਨਾਲ ਦੰਪਤੀ ਜੀਵਨ ਵਿੱਚ ਖੁਸ਼ੀ ਤੇ ਖ਼ੁਸ਼ਹਾਲੀ ਮੁੱਢੋਂ-ਮੁੱਢੋਂ ਫਿਰ ਕਾਇਮ ਕੀਤੀ ਜਾ ਸਕਦੀ ਹੈ। ਲੋੜ ਹੈ ਕਿ ਜੀਵ ਇਸ ਜੀਵਨ ਜਾਂਚ ਨੂੰ ਸੁਹਿਰਦਤਾ ਨਾਲ ਅਪਣਾਵੇ।

ਬੁਢਾਪੇ ਤੱਕ ਪਹੁੰਚਦਿਆਂ ਜੀਵਨ ਵਿੱਚ ਬੜਾ ਕੁਝ ਚਾਹਿਆ-ਅਣਚਾਹਿਆ ਵਾਪਰਦਾ ਹੈ। ਦੰਪਤੀ ਜੀਵਨ ਦੀ ਗੱਡੀ ਇੱਕੋ ਟੋਰ ਨਹੀਂ ਤੁਰਦੀ। ਉਤਰਾਅ ਚੜ੍ਹਾਅ 'ਚ ਪਤੀ-ਪਤਨੀ ਦਾ ਡੋਲ ਕੇ ਵੀ ਇਕੱਠੇ ਅਡੋਲ ਰਹਿਣਾ ਵੱਡੀ ਸਫਲਤਾ ਹੈ। ਧੀਆਂ-ਪੁੱਤਰਾਂ ਦੀ ਸਮਾਂ ਆਉਣ 'ਤੇ ਆਪਣੀ-ਆਪਣੀ ਦੁਨੀਆ ਹੋ ਜਾਂਦੀ ਹੈ ਤੇ ਆਖ਼ਰ ਵਿੱਚ ਮੀਆਂ-ਬੀਵੀ ਫਿਰ ਉਥੇ ਆ ਜਾਂਦੇ ਹਨ, ਜਿੱਥੇ ਉਨ੍ਹਾਂ ਨੇ ਆਪਣਾ ਜੀਵਨ ਸਫ਼ਰ ਸ਼ੁਰੂ ਕੀਤਾ ਸੀ।

ਇਹ ਸਹੀ ਹੈ ਕਿ ਪਤੀ-ਪਤਨੀ ਦਾ ਮੇਲ ਜ਼ਿੰਦਗੀ ਵਿੱਚ ਕਾਫ਼ੀ ਦੇਰ ਬਾਅਦ ਹੁੰਦਾ ਹੈ ਤੇ ਵਿਛੋੜਾ ਵੀ ਮੰਜ਼ਿਲ ਤੱਕ ਪਹੁੰਚਿਆਂ ਇੱਕ ਦਿਨ ਪੈਣਾ ਹੈ, ਪਰ ਜ਼ਿੰਦਗੀ ਦੀ ਅਮੀਰੀ ਇਹੋ ਹੈ ਕਿ ਕਿੰਨੇ ਵਰ੍ਹੇ ਪਹਿਲਾਂ ਮੇਲ ਸੁਮੇਲ ਬਣ ਕੇ ਆਖ਼ਰੀ ਸਮੇਂ ਤੱਕ ਦੋਹਾਂ ਨੂੰ ਇੱਕੋ ਜੋਤ ਦਾ ਸਰੂਪ ਦੇਵੇ। ਦੋ ਦਿਲਾਂ ਦੀ ਧੜਕਣ ਇੱਕ ਹੋਣ ਵਿੱਚ ਜ਼ਿੰਦਗੀ ਦਾ ਆਨੰਦ ਹੈ। ਮੀਆਂ-ਬੀਵੀ ਵਿਚਾਲੇ ਕੋਈ ਓਹਲਾ, ਧੋਖਾ ਜਾਂ ਨਾਟਕ ਬਹੁਤਾ ਸਮਾਂ ਚੱਲ ਨਹੀਂ ਸਕਦਾ ਤੇ ਨਾ ਚੱਲਣਾ ਚਾਹੀਦਾ ਹੈ। ਆਪਸੀ ਪ੍ਰੇਮ, ਦੁੱਖ-ਸੁੱਖ ਦੀ ਸਾਂਝ ਤੋਂ ਉਤਾਂਹ ਜੇ ਪਤੀ-ਪਤਨੀ ਵਿਚਾਲੇ ਇੱਕ ਤਾਪ ਚੜ੍ਹੇ ਤੇ ਦੂਜਾ ਹੂੰਗੇ, ਇੱਕ ਦੀ ਅੱਖ ਦੁਖੇ ਤੇ ਦੂਜੇ ਦੇ ਰੜਕ ਪਵੇ ਤਾਂ ਅਸਲ ਅਰਥਾਂ ਵਿੱਚ ਸੁਖਾਵਾਂ ਤੇ ਪੱਧਰਾਂ ਜੀਵਨ ਜੀਵਿਆ ਜਾ ਸਕਦਾ ਹੈ।

ਸਾਰੀ ਉਮਰ ਦੀ ਕਿਰਤ-ਕਮਾਈ ਦਾ ਲੇਖਾ-ਜੋਖਾ ਬੁਢਾਪੇ ਨੇ ਹੀ ਸਾਹਮਣੇ ਲਿਆਉਣਾ ਹੈ। ਬੁਢਾਪੇ ਵਿੱਚ ਜੇ ਬੱਚੇ ਆਗਿਆਕਾਰ ਰਹਿੰਦੇ ਹਨ, ਜੇ ਪਤੀ-ਪਤਨੀ ਦੀ ਸਾਂਝ ਰਹਿੰਦੀ ਹੈ, ਤੰਦਰੁਸਤੀ ਕਾਇਮ ਰਹੇ ਤਾਂ ਸਮਝਣਾ ਚਾਹੀਦਾ ਹੈ ਕਿ ਘਾਲਣਾ ਠੀਕ ਘਾਲੀ ਗਈ ਹੈ। ਜੇ ਇਸ ਦੇ ਉਲਟ ਚੱਕਰ ਚੱਲਦਾ ਹੈ ਤਾਂ ਹੋ ਸਕਦਾ ਹੈ ਕਿ ਕਿਰਤ ਕਮਾਈ ਵਿੱਚ ਖੋਟ ਰਹਿ ਗਈ ਹੋਵੇ। ਬੁਢਾਪੇ ਵਿੱਚ ਜੀਵਨ ਸਾਥੀ ਦਾ ਸਾਥ ਤੇ ਸਹਿਯੋਗ ਬਣੇ ਰਹਿਣਾ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਬੱਚਿਆਂ ਵੱਲੋਂ ਪਿਆਰ ਅਤੇ ਦੂਜਿਆਂ ਵੱਲੋਂ ਸਤਿਕਾਰ ਦਾ ਮਿਲਣਾ ਹੋਰ ਵੀ ਖ਼ੁਸ਼ਕਿਸਮਤੀ ਦੀ ਗੱਲ ਹੈ। ਬੁਢਾਪੇ ਵਿੱਚ ਜੀਵਨ ਸਾਥੀ ਦੀ ਜ਼ਰੂਰਤ ਜਵਾਨੀ ਤੋਂ ਵੀ ਵੱਧ ਮਹਿਸੂਸ ਹੁੰਦੀ ਹੈ। ਆਪਣੇ ਹਮ ਸਫ਼ਰ ਬਿਨਾਂ ਪੈਂਡਾ ਤੈਅ ਕਰਨਾ ਨਰਕ ਜਾਪਦਾ ਹੈ ਤੇ ਮੰਜ਼ਿਲ ਅਤਿ ਕਠਿਨ ਹੋ ਜਾਂਦੀ ਹੈ। ਬੁਢਾਪੇ ਵਿੱਚ ਜੀਵਨ ਸਾਥੀ ਦਾ ਡੰਗੋਰੀ ਬਣੇ ਇੱਕ ਦੂਜੇ ਦੇ ਸਹਾਰੇ ਮਾਰੂਥਲ ਨੂੰ ਪਾਰ ਕਰਨਾ ਤੇ ਇੱਕੋ ਦ੍ਰਿਸ਼ਟੀ ਦਾ ਹੋਣਾ ਮਨੁੱਖ ਦੀ ਸਭ ਤੋਂ ਵੱਡੀ ਲੋਚਾ ਰਹੀ ਹੈ। ਇਸੇ ਲੋਚਾ ਸਦਕਾ ਜੀਵਨ ਦਾ ਆਖ਼ਰੀ ਸਫ਼ਰ ਧੀਮੀ ਗਤੀ ਨਾਲ ਕੱਟਿਆ ਜਾਂਦਾ ਹੈ। ਵਿਅਕਤੀ ਸੁੱਖ ਅਤੇ ਸਹਿਜ ਚਾਹੁੰਦਾ ਹੋਇਆ ਆਖ਼ਰੀ ਉਮਰੇ ਜੀਵਨ ਵਿੱਚ ਟਿਕਾਅ ਦੀ ਕਾਮਨਾ ਕਰਦਾ ਹੈ। ਸ਼ਾਂਤੀ ਤੇ ਮਾਨਸਿਕ ਟਿਕਾਅ ਲਈ ਜੀਵਨ ਸਾਥੀ ਦੀ ਲੋੜ ਇਸ ਲਈ ਵੀ ਜ਼ਰੂਰੀ ਹੈ ਕਿ ਸਾਰੀ ਉਮਰ ਦੋਹਾਂ ਨੇ ਇੱਕ ਦੂਜੇ ਨੂੰ ਜਾਣਿਆ, ਸਮਝਿਆ, ਲੋਚਿਆ, ਚਾਹਿਆ ਤੇ ਪਿਆਰਿਆ ਹੁੰਦਾ ਹੈ। ਸਾਥੀ ਦੇ ਵਿੱਛੜਿਆਂ ਮਨੁੱਖ ਆਪਣੇ ਆਪ ਨੂੰ ਇਕੱਲਾ ਸਮਝਦਾ ਲੱਗ ਪੈਂਦਾ ਹੈ।

# ਧੁੰਦ ਤੇ ਧੁੱਪ

-ਪਰਮਬੀਰ ਕੌਰ



ਮੌਸਮ ਇਸ ਜਹਾਨ ਦੀਆਂ ਉਨ੍ਹਾਂ ਅਹਿਮ 'ਹਸਤੀਆਂ' ਵਿੱਚੋਂ ਇੱਕ ਹੈ ਜਿਹੜੀਆਂ ਸਦਾ ਕਿਸੇ ਨਾ ਕਿਸੇ ਸਬੱਬ ਕਰ ਕੇ ਚਰਚਾ ਦਾ ਵਿਸ਼ਾ ਬਣਦੀਆਂ ਰਹਿੰਦੀਆਂ ਹਨ। ਲੋਕ ਉਨ੍ਹਾਂ ਨਾਲ ਸਬੰਧਤ ਕੋਈ ਵੀ ਨਵੀਂ ਜਾਣਕਾਰੀ ਲੈਣ ਦੇ ਲਈ ਉਤਸੁਕ ਰਹਿੰਦੇ ਨੇ। ਉਹ ਕੀ ਕਰਨ ਦਾ ਇਰਾਦਾ ਰੱਖਦੇ ਨੇ, ਕਿੱਥੇ ਤੇ ਕਦੋਂ ਜਾ ਰਹੇ ਨੇ, ਉਥੇ ਉਨ੍ਹਾਂ ਦੀ ਦਿੱਖ ਤੇ ਪੁਸ਼ਾਕ ਕਿੰਦਾਂ ਦੀ ਹੋਵੇਗੀ ਆਦਿ। ਜਿਵੇਂ ਜਿਹੜਾ ਮੌਸਮ ਚੱਲ ਰਿਹਾ ਹੈ, ਜਦੋਂ ਕੋਈ ਦੋ ਜਣੇ ਮਿਲਦੇ ਹਨ ਤਾਂ ਤਕਰੀਬਨ ਪਹਿਲੀ ਗੱਲ ਮੌਸਮ ਦੁਆਲੇ ਘੁੰਮਦੀ ਹੈ, "ਕਿੰਨੀ ਠੰਢ ਹੈ ਨਾ ਅੱਜਕੱਲ੍ਹ!" , "ਕਿੰਨੀ ਧੁੰਦ ਸੀ ਅੱਜ ਤੜਕੇ!", "ਓਹ! ਰਜ਼ਾਈ ਵਿੱਚੋਂ ਨਿਕਲਣਾ ਕਿੰਨਾ ਔਖਾ!" ਜਾਂ "ਦੇਖੋ, ਕੱਲ੍ਹ ਕਿਵੇਂ ਦਾ ਦਿਨ ਨਿਕਲਣਾ ਹੈ," ਤੇ ਕਿੰਨਾ ਕੁਝ ਹੋਰ ਇਸੇ ਤਰ੍ਹਾਂ ਦਾ।

ਇੱਕ ਦਿਨ ਮੇਰੇ ਕੋਲ ਗੁਆਂਢਣ ਨਿਰਮਲ ਭੈਣ ਜੀ ਆਏ। ਉਹ ਤਾਂ ਜਿਉਂ ਸ਼ੁਰੂ ਧੁੰਦ ਵਾਲੇ ਮੌਸਮ ਬਾਰੇ ਆਪਣੀਆਂ ਮੁਸ਼ਕਲਾਂ ਸਾਂਝੀਆਂ ਕਰਨ ਕਿ ਸੁਣਨ ਵਾਲੇ ਨੂੰ ਜਾਪੇ, ਸੰਸਾਰ ਦਾ ਸਭ ਤੋਂ ਦੁਖੀ ਇਨਸਾਨ ਇਹੋ ਹੈ! ਕੁਝ ਕੁ ਦਿਨ ਪਹਿਲਾਂ ਦੀ ਗੱਲ ਦਸੱਦਿਆਂ ਆਖਦੇ, "ਦੇਖੋ, ਸਵੇਰੇ ਜਦੋਂ ਮੈਂ ਉਠੀ ਤਾਂ ਬਾਹਰ ਨਿਕਲ ਕੇ ਜਾਪਿਆ, ਸ਼ਾਇਦ ਦਿਨ ਸਾਫ਼ ਹੋਵਗਾ, ਸ਼ੁਕਰ ਮਨਾਇਆ। ਮੈਂ ਮਸ਼ੀਨ ਲਾਈ ਤੇ ਢੇਰ ਸਾਰੇ ਕਪੜੇ ਧੋ ਕੇ ਛੱਤ ਉੱਤੇ ਸੁਕਣੇ ਪਾ ਦਿੱਤੇ। ਮਸਾਂ ਘੰਟਾ ਕੁ ਧੁੱਪ ਲੱਗੀ, ਤੇ ਉਹ ਵੀ ਠੰਢੀ ਜਿਹੀ, ਫਿਰ ਪਤਾ ਨਹੀਂ ਕਿੱਥੋਂ ਇੰਨੀ ਸੰਘਣੀ ਧੁੰਦ ਆਈ, ਇੰਜ ਜਾਪੇ ਜਿਵੇਂ ਫੂਹ ਜਿਹੀ ਪੈਂਦੀ ਹੋਵੇ। ਸਾਰੇ ਕਪੜੇ ਉਤੋਂ ਲਾਹ ਕੇ ਲਿਆਂਦੇ ਤੇ ਔਖੇ-ਸੌਖੇ ਅੰਦਰ ਖਿਲਾਰੇ। ਫਿਰ ਕਦੇ ਧੁੱਪ ਤੇ ਕਦੇ ਧੁੰਦ, ਇਹੀ ਤਮਾਸ਼ਾ ਚਲਦਾ ਰਿਹਾ ਤੇ ਸਾਰਾ ਦਿਨ ਇੰਜ ਹੀ ਲੰਘ ਗਿਆ। ਕੱਪੜੇ ਫਿਰ ਵੀ ਨਾ ਸੁੱਕੇ!"

ਨਿਰਮਲ ਭੈਣ ਜੀ ਦਾ ਇਹ ਲੰਮਾ-ਚੌੜਾ ਤਬਸਰਾ ਸੁਣ ਕੇ ਮੇਰਾ ਹਾਸਾ ਨਾ ਰੁਕੇ। ਉਹ ਨਾਰਾਜ਼ਗੀ ਦਾ ਨਾਟਕ ਕਰ ਕੇ ਬੋਲੇ, "ਚੰਗੇ ਓ ਤੁਸੀਂ, ਮੇਰੀ ਮੁਸੀਬਤ ਤੇ ਤੁਹਾਨੂੰ ਹੱਸਣਾ ਸੁੱਝ ਰਿਹੈ!"

"ਇਹ ਮੁਸੀਬਤਾਂ ਇਸ ਜ਼ਿੰਦਗੀ ਦੇ ਵੰਨ-ਸਵੰਨੇ ਦ੍ਰਿਸ਼ਾਂ ਵਿੱਚੋਂ ਹੀ ਇੱਕ ਹੁੰਦੀਆਂ ਨੇ, ਤੁਸੀਂ ਮਜ਼ਾ ਲਉ ਇਸ ਠੰਢੇ ਮੌਸਮ ਦਾ! ਜਦੋਂ ਸਖ਼ਤ ਗਰਮੀ ਹੁੰਦੀ ਏ, ਆਪਾਂ ਉਦੋਂ ਵੀ ਸ਼ਿਕਾਇਤਾਂ ਦਾ ਪੁਲੰਦਾ ਚੁੱਕੀ ਫਿਰਦੇ ਹੁੰਨੇ ਆਂ, ਭੈਣ ਜੀ।" ਮੈਂ ਉਨ੍ਹਾਂ ਦਾ ਮਨ ਹਲਕਾ ਕਰਨ ਦੀ ਕੋਸ਼ਿਸ਼ ਕੀਤੀ।

ਸੋਚੋ, ਜਦੋਂ ਸਾਡੀ ਇਹ ਗੱਲਬਾਤ ਚੱਲ ਰਹੀ ਸੀ, ਬਾਹਰ ਮੌਸਮ ਓਦੋਂ ਵੀ ਐਨ ਇਸੇ ਤਰ੍ਹਾਂ ਦਾ ਸੀ, ਕਦੇ ਧੁੱਪ ਤੇ ਕਦੇ ਧੁੰਦ! ਨਿਰਮਲ ਭੈਣ ਜੀ ਕੁਝ ਸਮੇਂ ਬਾਅਦ ਉਠ ਕੇ ਚਲੇ ਗਏ ਪਰ ਮੇਰੇ ਮਨ ਵਿੱਚ, ਇਸ ਧੁੰਦ-ਧੁੱਪ ਦੇ ਰਹੱਸਮਈ ਅਤੇ ਤਲਿਸਮੀ ਰੌਣਕ ਮੇਲੇ ਬਾਰੇ ਕਈ ਸਵਾਲ ਉਠ ਖੜ੍ਹੇ ਹੋਏ। ਮੈਂ ਬਾਹਰ ਖੁੱਲ੍ਹ ਵਿੱਚ ਨਿਕਲੀ ਤਾਂ ਧੁੰਦ ਨੇ ਮੈਨੂੰ ਘੇਰ ਲਿਆ। ਮੇਰਾ ਉਸ ਨਾਲ ਗੁਫ਼ਤਗੂ ਕਰਨ ਨੂੰ ਮਨ ਹੋਇਆ..।

"ਲੋਕੀ ਕਹਿੰਦੇ ਨੇ ਕਿ ਅੱਜਕੱਲ੍ਹ ਤਾਂ ਧੁੰਦ, ਧੁੱਪ ਨੂੰ ਨਿਕਲਣ ਹੀ ਨਹੀਂ ਦਿੰਦੀ..।" ਮੈਂ ਆਖਿਆ।

ਧੁੰਦ ਖਿੜ ਖਿੜ ਹੱਸੀ। ਆਖਦੀ, "ਬਗ਼ੈਰ ਪੂਰੀ ਜਾਣਕਾਰੀ ਦੇ ਐਵੇਂ ਕੋਈ ਨਾ ਕੋਈ ਟਿੱਪਣੀਆਂ ਕਰਦੇ ਰਹਿਣਾ ਤੁਹਾਡੀ ਮਨੁੱਖਾਂ ਦੀ ਪੁਰਾਣੀ ਆਦਤ ਹੈ, ਤੇ ਨਾਲੇ ਇਹ ਸਭ ਕੁਝ ਕੋਈ ਸਾਡੇ ਹੱਥ-ਵਸ ਥੋੜ੍ਹਾ ਏ!"

ਇੱਕ ਵਾਰ ਆਪਣੀ ਬਿਰਾਦਰੀ ਬਾਰੇ ਤਿੱਖੀ ਆਲੋਚਨਾ ਸੁਣ ਕੇ ਮੈਂ ਚੌਂਕ ਗਈ, ਪਰ ਇਹ ਦੁਰਲੱਭ ਅਵਸਰ ਮਸਾਂ ਹੱਥ ਆਇਆ ਹੋਣ ਕਰਕੇ, ਇਸ ਨੂੰ ਨਜ਼ਰ ਅੰਦਾਜ਼ ਕਰਦਿਆਂ ਮੈਂ ਗੱਲ ਅੱਗੇ ਤੋਰੀ, "ਜੀ, ਮੈਂ ਸਮਝੀ ਨਹੀਂ..!"

ਅੱਗਿਓਂ ਧੁੰਦ ਪੁੱਛਦੀ, "ਜਾਣਦੇ ਹੋ ਨਾ ਕਿ ਅੰਗਰੇਜ਼ੀ ਦੇ ਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਨੇ ਇਸ ਜਹਾਨ ਨੂੰ ਰੰਗਮੰਚ ਕਿਹਾ ਹੈ? ਜਿਵੇਂ ਸਾਰੇ ਮਨੁੱਖ ਆਪੋ-ਆਪਣੇ ਕਿਰਦਾਰ ਨਿਭਾਉਂਦੇ ਨੇ, ਉਸੇ ਤਰ੍ਹਾਂ ਧੁੱਪ ਤੇ ਮੈਂ ਵੀ ਹਾਂ। ਵਾਰੀ ਅਨੁਸਾਰ ਮੰਚ ਉੱਤੇ ਆ ਕੇ ਅਸੀਂ ਆਪਣੀ ਭੂਮਿਕਾ ਅਦਾ ਕਰਦੇ ਹਾਂ।"

ਇਹ ਸੁਣ ਕੇ ਤਾਂ ਆਵਾਕ ਸਾਂ ਮੈਂ! ਕਮਾਲ ਦੀ ਬਾਤ ਕਿ ਮੈਂ ਧੁੰਦ ਦੀ ਚੁੱਪ ਨੂੰ ਸਦਾ ਤੋਂ ਬਹੁਤ ਗਹਿਰੀ ਮਹਿਸੂਸ ਕੀਤਾ ਹੈ। ਅੱਜ ਜਾਣਿਆ ਕਿ ਇਹ ਸਚੁਮੱਚ ਆਪਣੇ ਅੰਦਰ ਅਸੀਮ ਗਿਆਨ ਦਾ ਭੰਡਾਰ ਸਮੋਈ ਬੈਠੀ ਏ।

ਇੰਨੇ ਨੂੰ ਧੁੱਪ ਆ ਗਈ ਅਤੇ ਧੁੰਦ ਦੇ ਆਖੇ ਦਾ ਆਪੇ ਖੁਲਾਸਾ ਕਰਨ ਲੱਗ ਪਈ, "ਅਸੀਂ ਆਪਣੇ ਨਿਰਦੇਸ਼ਕ ਦਾ ਕਹਿਣਾ ਮੰਨਣਾ ਹੁੰਦਾ, ਅਵੱਗਿਆ ਕਰਨ ਦੀ ਕਦੇ ਸੋਚੀ ਨਹੀਂ। ਧੁੰਦ ਨੂੰ ਇਨ੍ਹਾਂ ਦਿਨਾਂ ਵਿੱਚ ਕੁਝ ਲੰਮਾ ਰੋਲ ਮਿਲਦਾ ਹੈ।"

"...ਪਰ ਸਾਰਿਆਂ ਦਾ ਠੰਢ ਨਾਲ ਮਾੜਾ ਹਾਲ! ਉਹ ਉਡੀਕਦੇ ਨੇ ਧੁੱਪ ਨੂੰ।" ਮੈਂ ਦੱਸਿਆ।

ਮੇਰੀ ਗੱਲ ਦਾ ਉੱਤਰ ਦੇਣ ਵੇਲੇ ਧੁੱਪ ਗ਼ਾਇਬ ਤੇ ਧੁੰਦ ਹਾਜ਼ਰ ਸੀ, "ਇਹ ਮਨੁੱਖ ਤਾਂ ਇੰਨੇ ਸੁਆਰਥੀ, ਤੌਬਾ! ਇਨ੍ਹਾਂ ਵੱਲ ਦੇਖੋ ਤਾਂ ਕੁਝ ਕਰੋ ਈ ਨਾ, ਪਰ ਧੁੱਪ ਤੇ ਮੈਂ ਦੋਵੇਂ ਮਿਲ ਕੇ ਅੱਜ ਵੀ ਇਨ੍ਹਾਂ ਦਾ ਕਿੰਨਾ ਭਲਾ ਕਰ ਰਹੇ ਹਾਂ। ਉਸ ਦਾ ਜ਼ਿਕਰ ਕਦੇ ਨਹੀਂ ਹੁੰਦਾ!"

ਮੇਰੇ ਕੋਲ ਇਨ੍ਹਾਂ ਟਿੱਪਣੀਆਂ ਤੋਂ ਬਾਅਦ ਆਪਣੇ ਹੱਕ ਦੀ ਕੋਈ ਦਲੀਲ ਨਹੀਂ ਸੀ। ਫਿਰ ਵੈਸੇ ਹੀ ਅੱਗਿਓਂ ਕਿਹਾ, "ਮੌਸਮ ਵਿਭਾਗ ਵਾਲਿਆਂ ਨੇ ਕੱਲ੍ਹ ਤਾਂ ਸਾਫ਼ ਦਿਨ ਦੀ ਭਵਿੱਖਬਾਣੀ ਕੀਤੀ ਹੋਈ ਏ!"

"ਐਂਵੇ ਭੁਲੇਖੇ ਵਿੱਚ ਨਾ ਰਹਿ ਜਾਣਾ, ਕੱਲ੍ਹ ਇਹੋ ਜਿਹਾ ਕੁਝ ਨਹੀਂ ਹੋਣ ਲੱਗਾ। ਮੈਂ ਤੁਹਾਨੂੰ ਦੱਸਾਂ, ਕੱਲ੍ਹ ਧੁੱਪ ਨੇ ਇਥੇ ਹੋਣਾ ਈ ਨਹੀਂ, ਇਸ ਦਾ ਸੂਟਕੇਸ ਤਿਆਰ ਏ, ਤੇ ਸਵੇਰੇ ਤੜਕੇ ਇਹਨੇ ਬੜੇ ਦੂਰ ਦੇ ਖਿੱਤੇ ਵਿੱਚ ਜਾ ਕੇ ਨਾਟਕ ਖੇਡਣਾ ਏ।" ਧੁੰਦ ਭੇਤ-ਭਰੇ ਲਹਿਜ਼ੇ ਵਿੱਚ ਬੋਲੀ।

ਪਤਾ ਵੀ ਨਹੀਂ ਲਗਿਆ ਤੇ ਗੱਲਾਂ-ਬਾਤਾਂ ਵਿੱਚ ਸ਼ਾਮ ਪੈਣ ਨੂੰ ਹੋ ਗਈ। ਮੈਂ ਅੰਦਰ ਜਾਣ ਸਮੇਂ ਧੁੰਦ ਨੂੰ ਅਲਵਿਦਾ ਆਖਦਿਆਂ ਸੋਚ ਰਹੀ ਸਾਂ ਕਿ ਧੁੱਪ ਅਤੇ ਧੁੰਦ ਦਾ ਨਾਟਕ ਤਾਂ ਖ਼ਬਰੇ ਹੋਰ ਕਿੰਨੇ ਦਿਨ ਚੱਲੇ। ਇਸ ਤੋਂ ਪਹਿਲਾਂ ਕਿ ਮੰਜ਼ਰ ਬਦਲ ਜਾਵੇ, ਮਨ ਨੂੰ ਆਪਣਾ ਨਜ਼ਰੀਆ ਬਦਲ ਲੈਣ ਦੀ ਗੱਲ ਜ਼ਿਆਦਾ ਜਚ ਰਹੀ ਹੈ!




## ਲੁਧਿਆਣਾ ਦੀ ਕੰਪਨੀ ਨੇ ਦੇਸ਼ ਦੇ 13 ਵਪਾਰੀਆਂ ਤੋਂ ਦੋ ਕਰੋੜ ਠੱਗੇ




ਲੁਧਿਆਣਾ, 21 ਜਨਵਰੀ (ਪੋਸਟ ਬਿਊਰੋ)- ਲੁਧਿਆਣਾ ਦੀ ਗੁੱਡ ਟਾਈਮ ਵੈਂਚਰ ਇੰਡੀਆ ਕੰਪਨੀ ਦੇ ਮਾਲਕਾਂ ਨੇ ਦੇਸ਼ ਦੇ 13 ਵਪਾਰੀਆਂ ਨੂੰ ਐਕਸਪਾਇਰੀ ਡੇਟ ਦਾ ਸਾਮਾਨ ਦੇ ਕੇ ਦੋ ਕਰੋੜ ਦੀ ਠੱਗੀ ਕੀਤੀ ਹੈ। ਕੱਲ੍ਹ ਲੁਧਿਆਣੇ ਪਹੁੰਚੇ ਠੱਗੀ ਦੇ ਸ਼ਿਕਾਰ ਵਪਾਰੀਆਂ ਨੇ ਪ੍ਰੈੱਸ ਕਾਨਫਰੰਸ ਕਰਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਹਰਸ਼ ਕੁਮਾਰ ਸਰਾਫ ਮੈਸਰਜ਼ ਪ੍ਰੀਮੀਅਮ ਮਾਰਕੀਟਿੰਗ ਬਲਾਕ ਗੋਵਿੰਦ ਨਗਰ ਕਾਨਪੁਰ, ਉੱਤਰ ਪ੍ਰਦੇਸ਼ ਨੇ ਕਿਹਾ ਉਹ ਲੁਧਿਆਣਾ ਪੁਲਸ ਨੂੰ ਦੋਸ਼ੀਆਂ ਦੇ ਖਿਲਾਫ ਸ਼ਿਕਾਇਤ ਕਰ ਚੁੱਕੇ ਹਨ। ਉਨ੍ਹਾਂ ਨੇ ਦੱਸਿਆ ਕਿ ਕੰਪਨੀ ਦੇ ਮਾਲਕਾਂ ਅਤੇ ਅਧਿਕਾਰੀਆਂ ਨੇ ਉਸ ਨਾਲ ਸਟਾਕਿਸਟ ਬਣਾਉਣ ਅਤੇ ਫੂਡ ਪ੍ਰੋਡਕਟ ਸਪਲਾਈ ਕਰਨ ਅਤੇ ਵੇਚਣ ਦਾ ਸੌਦਾ ਕੀਤਾ ਸੀ। ਕੰਪਨੀ ਨੇ ਪੈਸੇ ਲੈਣ ਦੇ ਬਾਅਦ ਉਸ ਨੂੰ ਐਕਸਪਾਇਰਡ ਮਾਲ ਸਪਲਾਈ ਕਰ ਦਿੱਤਾ। ਇੰਝ ਕਰ ਕੇ ਕੰਪਨੀ ਨੇ ਉਸ ਨਾਲ 33.56 ਲੱਖ ਰੁਪਏ ਦੀ ਠੱਗੀ ਕੀਤੀ ਹੈ। ਹਰਸ਼ ਨੇ ਕਿਹਾ ਕਿ ਉਸ ਦੀ ਸ਼ਿਕਾਇਤ ਉੱਤੇ ਥਾਣਾ ਮਾਡਲ ਟਾਊਨ ਪੁਲਸ ਨੇ 31 ਦਸੰਬਰ ਨੂੰ ਕੰਪਨੀ ਦੇ ਮਾਲਕ ਨਰਿੰਦਰਦੀਪ ਸਿੰਘ ਛਿੱਬਰ ਤੇ ਉਸ ਦੇ ਬੇਟੇ ਸੰਕਲਪ ਛਿੱਬਰ ਦੇ ਖਿਲਾਫ ਕੇਸ ਦਰਜ ਕੀਤਾ ਸੀ, ਪ੍ਰੰਤੂ ਵੀਹ ਦਿਨ ਬਾਅਦ ਵੀ ਗ੍ਰਿਫਤਾਰੀ ਨਹੀਂ ਕੀਤੀ।

ਅਮਨਦੀਪ ਵਾਸੀ ਮੋਹਾਲੀ ਅਤੇ ਭੁਪਿੰਦਰ ਸਿੰਘ ਵਾਸੀ ਜੰਮੂ ਨੇ ਦੱਸਿਆ ਕਿ ਉਨ੍ਹਾਂ ਨੇ ਕੋਰਟ ਵਿੱਚ ਵੀ ਕੇਸ ਕੀਤਾ ਹੈ। ਲੁਧਿਆਣਾ ਦੇ ਪੁਲਸ ਕਮਿਸ਼ਨਰ ਰਾਕੇਸ਼ ਅਗਰਵਾਲ ਨੇ ਕਿਹਾ ਕਿ ਠੱਗੀ ਦੀ ਸ਼ਿਕਾਇਤ ਆਈ ਹੈ। ਜਾਂਚ ਦੇ ਬਾਅਦ ਕਾਰਵਾਈ ਕੀਤੀ ਜਾਏਗੀ। ਪ੍ਰੈੱਸ ਕਾਨਫਰੰਸ ਵਿੱਚ ਮੌਜੂਦ ਉਤਰ ਪ੍ਰਦੇਸ਼ ਦੇ ਸਤੀਸ਼ ਕੁਮਾਰ ਵਾਜਪਾਈ, ਮੋਹਾਲੀ ਵਾਸੀ ਅਮਨਦੀਪ ਸਿੰਘ, ਉਤਰ ਪ੍ਰਦੇਸ਼ ਦੇ ਹਰਦੋਈ ਵਾਸੀ ਦੀਪਕ ਗੁਪਤਾ, ਜੰਮੂ ਦੇ ਆਰ ਕੇ ਡੋਗਰਾ, ਇਲਾਹਾਬਾਦ ਦੇ ਰਤਨ ਕੁਮਾਰ ਸਿੰਘ, ਜੰਮੂ ਦੇ ਭੁਪਿੰਦਰ ਸਿੰਘ ਰਣੀਆ, ਮੁਰਾਦਾਬਾਦ ਦੇ ਮੰਸੂਰ ਹਸਨ, ਹਰਿਦੁਆਰ ਦੇ ਲਕਸ਼ ਅਗਰਵਾਲ, ਬੰਗਲੌਰ ਦੇ ਨਰਿੰਦਰ ਕੁਮਾਰ ਤੇ ਚੰਡੀਗੜ੍ਹ ਦੇ ਦਲੇਰ ਕੁਮਾਰ ਨੇ ਕਿਹਾ ਕਿ ਉਹ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਲੁਧਿਆਣਾ ਪੁਲਸ ਕਮਿਸ਼ਨਰ ਨਾਲ ਮੁਲਾਕਾਤ ਕਰਨਗੇ।

## ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈਸਵੇਅ ਦਾ ਕੰਮ ਛੇਤੀ ਆਰੰਭ ਕਰਨ ਦੀ ਸਹਿਮਤੀ

ਚੰਡੀਗੜ੍ਹ, 21 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਨੈਸ਼ਨਲ ਹਾਈਵੇਜ਼ ਅਥਾਰਟੀ ਆਫ ਇੰਡੀਆ (ਐੱਨ ਐੱਚ ਏ ਆਈ) ਦੇ ਚੇਅਰਮੈਨ ਡਾਕਟਰ ਸੁਖਬੀਰ ਸਿੰਘ ਸੰਧੂ ਨੇ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪਰੈਸਵੇਅ ਪ੍ਰੋਜੈਕਟ ਦਾ ਕੰਮ ਤੇਜ਼ੀ ਨਾਲ ਸ਼ੁਰੂ ਕਰਨ 'ਤੇ ਸਹਿਮਤੀ ਜ਼ਾਹਰ ਕੀਤੀ ਹੈ।



ਕੱਲ੍ਹ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਐੱਨ ਐੱਚ ਏ ਆਈ ਦੇ ਚੇਅਰਮੈਨ ਵਿਚਾਲੇ ਹੋਈ ਮੀਟਿੰਗ ਤੋਂ ਬਾਅਦ ਸਰਕਾਰੀ ਬੁਲਾਰੇ ਨੇ ਦੱਸਿਆ ਕਿ 30,000 ਕਰੋੜ ਰੁਪਏ ਦੇ ਪ੍ਰੋਜੈਕਟ ਲਈ ਜ਼ਮੀਨ ਐਕਵਾਇਰ ਕਰਨ ਦਾ ਕੰਮ ਛੇਤੀ ਸ਼ੁਰੂ ਹੋ ਜਾਵੇਗਾ, ਜਿਸ ਵਿੱਚੋਂ 10,000 ਕਰੋੜ ਰੁਪਏ ਐੱਨ ਐੱਚ ਆਈ ਏ ਵੱਲੋਂ ਪੰਜਾਬ ਦੇ 300 ਕਿਲੋਮੀਟਰ ਮਾਰਗ ਲਈ ਖਰਚੇ ਜਾਣਗੇ। ਐੱਨ ਐੱਚ ਏ ਆਈ ਦੇ ਚੇਅਰਮੈਨ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਅਥਾਰਟੀ ਵੱਲੋਂ ਇਸ ਕੰਮ ਨੂੰ ਅੰਤਿਮ ਰੂਪ ਦਿੱਤਾ ਜਾ ਚੁੱਕਾ ਹੈ, ਜਿਸ ਨਾਲ ਇਸ ਪ੍ਰੋਜੈਕਟ ਦੇ ਰਾਹ ਵਿੱਚ ਅੜਿੱਕੇ ਦੂਰ ਹੋ ਗਏ ਹਨ।

ਇਸ ਮੀਟਿੰਗ ਦੌਰਾਨ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸ਼ੰਭੂ-ਜਲੰਧਰ (ਪੁਰਾਣਾ ਨੈਸ਼ਨਲ ਹਾਈਵੇ-1), ਨੈਸ਼ਨਲ ਹਾਈਵੇ-95 ਦੇ ਲੁਧਿਆਣਾ-ਤਲਵੰਡੀ ਭਾਈ ਹਿੱਸੇ ਨੂੰ ਛੇਤੀ ਸ਼ੁਰੂ ਕਰਨ ਅਤੇ ਨੈਸ਼ਨਲ ਹਾਈਵੇ -44 'ਤੇ ਟੋਲ ਟੈਕਸ ਦੀ ਵਸੂਲੀ ਰੱਦ ਕਰਨ ਦੀ ਮੰਗੀ ਕੀਤੀ, ਕਿਉਂਕਿ ਇਸ ਵਿਚਲਾ ਕੰਮ ਅਜੇ ਤੱਕ ਮੁਕੰਮਲ ਨਹੀਂ ਹੋਇਆ। ਨੈਸ਼ਨਲ ਹਾਈਵੇ-205ਏ ਉੱਤੇ ਖਰੜ-ਬਨੂੜ-ਤੇਪਲਾ ਦੇ ਚਾਰ-ਮਾਰਗੀ ਸੜਕ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਸੜਕ ਮਈ 2017 ਤੱਕ ਐੱਨ ਐੱਚ ਏ ਆਈ ਨੂੰ ਸੌਂਪ ਦੇਣ ਦੇ ਬਾਵਜੂਦ ਚਾਰ ਮਾਰਗੀ ਕਰਨ ਦਾ ਕੰਮ ਹਾਲੇ ਸ਼ੁਰੂ ਨਹੀਂ ਹੋਇਆ। ਉਨ੍ਹਾਂ ਨੇ ਐੱਨ ਐੱਚ ਏ ਆਈ ਨੂੰ ਬਿਨਾਂ ਦੇਰੀ ਤੋਂ ਇਹ ਕੰਮ ਸ਼ੁਰੂ ਕਰਨ ਲਈ ਕਿਹਾ। ਐੱਨ ਐੱਚ ਏ ਆਈ ਵੱਲੋਂ ਗਮਾਡਾ ਅਤੇ ਸਥਾਨਕ ਨਗਰ ਕੌਂਸਲ ਨਾਲ ਜ਼ੀਰਕਪੁਰ ਸ਼ਹਿਰ 'ਚ ਟੋਲ ਰੋਡ ਦੀ ਵਿਆਪਕ ਸਮੀਖਿਆ ਕਰਨ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਵੇਲੇ ਟੋਲ ਰੋਡ ਹੋਣ ਕਰ ਕੇ ਮੌਜੂਦਾ ਨੈਸ਼ਨਲ ਹਾਈਵੇ - 22 'ਤੇ ਜ਼ੀਰਕਪੁਰ ਸ਼ਹਿਰ ਵਿੱਚ ਅਕਸਰ ਟਰੈਫਿਕ ਸੰਬੰਧੀ ਰੁਕਾਵਟਾਂ ਬਣੀਆਂ ਰਹਿੰਦੀਆਂ ਹਨ।

## ਪੰਜਾਬ ਦੇ ਸਰਹੱਦੀ ਖੇਤਰ ਵਿੱਚ ਧਰਮ ਪ੍ਰੀਵਰਤਨ ਚਿੰਤਾ ਦਾ ਵਿਸ਼ਾ: ਜਥੇਦਾਰ ਹਰਪ੍ਰੀਤ ਸਿੰਘ

ਤਲਵੰਡੀ ਸਾਬੋ, 21 ਜਨਵਰੀ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਕਹਿਣ ਮੁਤਾਬਕ ਪਾਕਿਸਤਾਨ ਦੇ ਨਾਲ ਲੱਗਦੇ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਧਰਮ ਪ੍ਰੀਵਰਤਨ ਦੀਆਂ ਵਧਦੀਆਂ ਘਟਨਾਵਾਂ ਬੜਾ ਚਿੰਤਾ ਦਾ ਵਿਸ਼ਾ ਹਨ। ਕੁਝ ਈਸਾਈ ਪ੍ਰਚਾਰਕ ਡੇਰਾਵਾਦੀਆਂ ਵਾਂਗ ਸਰਹੱਦੀ ਖੇਤਰਾਂ ਦੇ ਗਰੀਬ ਸਿੱਖਾਂ ਤੇ ਹੋਰ ਧਰਮਾਂ ਦੇ ਲੋਕਾਂ ਨੂੰ ਈਸਾਈ ਬਣਾ ਰਹੇ ਹਨ।

ਇਸ ਸੰਬੰਧ ਵਿੱਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਕਿਹਾ ਕਿ ਸਿੱਖ ਸੰਸਥਾਵਾਂ ਨੂੰ ਸੁਚੇਤ ਹੋਣ ਤੇ ਆਰਥਿਕ ਤੌਰ ਉਤੇ ਕਮਜ਼ੋਰ ਅਤੇ ਲੋੜਵੰਦ ਸਿੱਖ ਪਰਵਾਰਾਂ ਦੀ ਮਦਦ ਲਈ ਹੱਥ ਵਧਾਉਣਾ ਚਾਹੀਦਾ ਹੈ। ਕੱਲ੍ਹ ਦਮਦਮਾ ਸਾਹਿਬ ਵਿਖੇ ਉਨ੍ਹਾਂ ਕਿਹਾ ਕਿ ਇਨ੍ਹਾਂ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਜਾਂ ਇਲਾਜ ਲਈ ਆਰਥਿਕ ਮਦਦ ਦੀ ਲੋੜ ਪਤਾ ਲੱਗੇ ਆਵੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਾਰੀਆਂ ਸਿੱਖ ਸੰਸਥਾਵਾਂ ਉਨ੍ਹਾਂ ਦੀ ਮਦਦ ਲਈ ਅੱਗੇ ਆਉਣ, ਤਾਂ ਕਿ ਉਹ ਕਿਸੇ ਲੋੜ ਦੀ ਮਜਬੂਰੀ ਕਾਰਨ ਧਰਮ ਤਬਦੀਲੀ ਬਾਰੇ ਨਾ ਸੋਚਣ।

ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਥੇਦਾਰ ਨੇ ਕਿਹਾ ਕਿ ਅਮਰੀਕਾ ਦੇ ਸਿੱਖਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਕੀਤੇ ਜਾ ਰਹੇ ਸੰਘਰਸ਼ ਦਾ ਨਤੀਜਾ ਹੈ ਕਿ ਉਥੇ ਮਰਦਮਸ਼ੁਮਾਰੀ ਦੌਰਾਨ ਸਿੱਖਾਂ ਨੂੰ ਇੱਕ ਵੱਖਰੀ ਕੌਮ ਵਜੋਂ ਦਰਜ ਕੀਤਾ ਜਾਣ ਲੱਗਾ ਹੈ। ਉਨ੍ਹਾਂ ਕਿਹਾ ਕਿ ਇੰਗਲੈਂਡ ਦੇ ਸਿੱਖ ਵੀ ਇਸ ਲਈ ਯਤਨਸ਼ੀਲ ਹਨ ਅਤੇ ਉਮੀਦ ਹੈ ਕਿ ਜਲਦੀ ਉਥੋਂ ਦੀ ਸਰਕਾਰ ਵੀ ਇਹੀ ਫੈਸਲਾ ਲੈ ਲਵੇਗੀ। ਉਨ੍ਹਾਂ ਨੇ ਸਿੱਖ ਧਾਰਮਿਕ ਚਿੰਨ੍ਹ ਪਹਿਨ ਕੇ ਸੋਸ਼ਲ ਮੀਡੀਆ 'ਤੇ ਵੀਡੀਓ ਅਪਲੋਡ ਕਰਨ ਨੂੰ ਗਲਤ ਮੰਨਦਿਆਂ ਕਿਹਾ ਕਿ ਸਿੱਖੀ ਪਹਿਰਾਵੇ ਵਾਲੇ ਨੌਜਵਾਨ ਲੜਕੇ-ਲੜਕੀਆਂ ਅਜਿਹੀ ਵੀਡੀਓ ਅਪਲੋਡ ਨਾ ਕਰਨ, ਜਿਸ ਨਾਲ ਸਮੁੱਚੇ ਸਿੱਖ ਹਿਰਦਿਆਂ ਨੂੰ ਠੇਸ ਪੁੱਜਦੀ ਹੋਵੇ।

## ਰਿਸ਼ਵਤ ਲੈਂਦਾ ਥਾਣੇਦਾਰ ਰੰਗੇ ਹੱਥੀਂ ਫੜ੍ਹਿਆ

ਡੇਰਾਬੱਸੀ, 21 ਜਨਵਰੀ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਕੱਲ੍ਹ ਥਾਣਾ ਡੇਰਾਬੱਸੀ, ਐੱਸ ਏ ਐੱਸ ਨਗਰ ਵਿਖੇ ਏ ਐਸ ਆਈ ਓਂਕਾਰ ਸਿੰਘ ਨੂੰ 20000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜ੍ਹਿਆ ਹੈ। ਰਾਜੂ ਵਾਸੀ ਵਾਰਡ ਨੰਬਰ 11 ਡੇਰਾਬੱਸੀ ਨੇ ਦੱਸਿਆ ਸੀ ਕਿ ਉਹ ਟਰੱਕ ਡਰਾਈਵਰ ਹੈ। ਉਸ ਦੀ ਲੜਕੀ ਦਾ ਵਿਆਹ 2018 ਵਿੱਚ ਹੋਇਆ ਸੀ। ਕੁਝ ਸਮੇਂ ਬਾਅਦ ਲੜਕੀ ਦਾ ਸਹੁਰਾ ਪਰਿਵਾਰ ਦਾਜ ਲਈ ਤੰਗ ਕਰਨ ਲੱਗ ਪਿਆ। ਇਸ ਬਾਰੇ 14 ਅਕਤੂਬਰ, 2019 ਨੂੰ ਜ਼ਿਲਾ ਪੁਲਸ ਮੁਖੀ ਮੋਹਾਲੀ ਨੂੰ ਸਹੁਰੇ ਪਰਿਵਾਰ ਦੇ ਖਿਲਾਫ ਇੱਕ ਸ਼ਿਕਾਇਤ ਦਿੱਤੀ ਸੀ। ਇਸ ਦੀ ਪੜਤਾਲ ਲਈ ਏ ਐੱਸ ਆਈ ਓਂਕਾਰ ਸਿੰਘ ਵੱਲੋਂ ਕੀਤੀ ਜਾ ਰਹੀ ਸੀ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਸ ਏ ਐੱਸ ਆਈ ਨੂੰ ਸ਼ਿਕਾਇਤ ਕਰਤਾ ਦੀ ਸ਼ਿਕਾਇਤ 'ਤੇ ਫੜ੍ਹਿਆ ਗਿਆ ਹੈ। ਸ਼ਿਕਾਇਤ ਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਦੱਸਿਆ ਕਿ ਉਸ ਵੱਲੋਂ ਉਸ ਦੀ ਲੜਕੀ ਦੇ ਪਤੀ ਵਿਰੁੱਧ ਪੁਲਸ ਰਿਪੋਰਟ ਵਿੱਚ ਮਦਦ ਬਦਲੇ ਏ ਐੱਸ ਆਈ ਨੇ ਵੀਹ ਹਜ਼ਾਰ ਰੁਪਏ ਦੀ ਮੰਗ ਕੀਤੀ ਹੈ।

## ਨਿਰਮਲਜੀਤ ਸਿੰਘ ਕਲਸੀ ਪੁਲਸ ਸ਼ਿਕਾਇਤ ਅਥਾਰਿਟੀ ਦੇ ਮੁਖੀ ਹੋਣਗੇ

ਚੰਡੀਗੜ੍ਹ, 21 ਜਨਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ 1984 ਬੈਚ ਦੇ ਸੇਵਾਮੁਕਤ ਆਈ ਏ ਐਸ ਅਧਿਕਾਰੀ ਨਿਰਮਲਜੀਤ ਸਿੰਘ ਕਲਸੀ ਨੂੰ 'ਪੁਲਸ ਸ਼ਿਕਾਇਤ ਅਥਾਰਿਟੀ' ਦੇ ਮੁਖੀ ਨਿਯੁਕਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਨੇ ਇਸ ਬਾਰੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਨਿਯੁਕਤੀ 'ਤੇ ਸਹੀ ਪਾ ਦਿੱਤੀ ਹੈ ਅਤੇ ਗ੍ਰਹਿ ਵਿਭਾਗ ਵੱਲੋਂ ਰਸਮੀ ਹੁਕਮ ਜਾਰੀ ਹੋ ਜਾਣਗੇ। ਇਸ ਅਹੁਦੇ ਲਈ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਦੀ ਅਗਵਾਈ ਹੇਠ ਬਣੀ ਕਮੇਟੀ ਨੇ ਕੁਝ ਹਫ਼ਤੇ ਪਹਿਲਾਂ ਲਈ ਦੋ ਸੇਵਾਮੁਕਤ ਆਈ ਏ ਐਸ ਅਫਸਰਾਂ ਨਿਰਮਲਜੀਤ ਸਿੰਘ ਕਲਸੀ ਅਤੇ ਜੀ ਵਜਰਾਲਿੰਗਮ ਦੇ ਨਾਂ ਦੀ ਚੋਣ ਕੀਤੀ ਸੀ।



ਨਿਰਮਲਜੀਤ ਸਿੰਘ ਕਲਸੀ ਪਿਛਲੇ ਸਾਲ ਐਡੀਸ਼ਨਲ ਚੀਫ ਸੈਕਟਰੀ (ਗ੍ਰਹਿ) ਵਜੋਂ ਸੇਵਾਮੁਕਤ ਹੋਏ ਸਨ ਅਤੇ ਇਸ ਅਹੁਦੇ 'ਤੇ ਨਿਯੁਕਤੀ ਲਈ ਜੋੜਤੋੜ ਕਰ ਰਹੇ ਸਨ। ਇਸ ਅਹੁਦੇ ਲਈ ਪੰਜਾਬ ਪੁਲਸ ਵਿੱਚੋਂ ਡੀ ਜੀ ਪੀ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਤਿੰਨ ਸਾਬਕਾ ਅਧਿਕਾਰੀਆਂ ਰਾਜਿੰਦਰ ਸਿੰਘ, ਸਤੀਸ਼ ਕੁਮਾਰ ਸ਼ਰਮਾ ਅਤੇ ਜਸਮਿੰਦਰ ਸਿੰਘ ਸਮੇਤ ਉਤਰ ਪ੍ਰਦੇਸ਼ ਦੇ ਅਧਿਕਾਰੀ ਸਣੇ ਦਰਜਨ ਤੋਂ ਵੱਧ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਸਨ। ਸੀਨੀਅਰ ਅਫਸਰਾਂ ਦਾ ਦੱਸਣਾ ਹੈ ਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ ਸਿਧਾਂਤਕ ਤੌਰ 'ਤੇ ਫ਼ੈਸਲਾ ਕਰ ਲਿਆ ਸੀ ਕਿ ਪੁਲਸ ਸ਼ਿਕਾਇਤ ਅਥਾਰਿਟੀ ਦੇ ਮੁੱਖੀ ਵਜੋਂ ਸੇਵਾਮੁਕਤ ਪੁਲਸ ਅਧਿਕਾਰੀ ਦੀ ਥਾਂ ਸੇਵਾਮੁਕਤ ਆਈ ਏ ਐਸ ਅਫਸਰ ਨਿਯੁਕਤ ਕਰ ਕੇ ਪੁਲਸ ਖ਼ਿਲਾਫ਼ ਸ਼ਿਕਾਇਤਾਂ ਦਾ ਕੰਮ ਠੀਕ ਤਰ੍ਹਾਂ ਚਲਾਇਆ ਜਾ ਸਕਦਾ ਹੈ।

ਪੰਜਾਬ ਵਿੱਚ ਪੁਲਸ ਸ਼ਿਕਾਇਤ ਅਥਾਰਿਟੀ ਦਾ ਗਠਨ ਤਕਰਬੀਨ 11 ਸਾਲਾਂ ਤੋਂ ਲਟਕ ਰਿਹਾ ਹੈ। ਰਾਜ ਸਰਕਾਰ ਨੇ ਸਾਲ 2008 ਵਿੱਚ ਕੋਰਟ ਦੀਆਂ ਹਦਾਇਤਾਂ 'ਤੇ ਜਦੋਂ ਪੰਜਾਬ ਪੁਲਸ ਐਕਟ ਹੋਂਦ 'ਚ ਲਿਆਂਦਾ ਤਾਂ ਪੁਲਸ ਮੁਲਾਜ਼ਮਾਂ ਤੇ ਅਧਿਕਾਰੀਆਂ ਦੇ ਖ਼ਿਲਾਫ਼ ਸ਼ਿਕਾਇਤ ਅਥਾਰਿਟੀ ਬਣਾਉਣਾ ਜ਼ਰੂਰੀ ਕਰਾਰ ਹੋ ਗਿਆ ਸੀ। ਅਕਾਲੀ-ਭਾਜਪਾ ਸਰਕਾਰ ਵੱਲੋਂ ਕਾਨੂੰਨ ਹੋਂਦ 'ਚ ਲਿਆਉਣ ਦੇ ਛੇ ਸਾਲਾਂ ਬਾਅਦ ਜਦੋਂ ਸੇਵਾਮੁਕਤ ਆਈ ਏ ਐਸ ਅਧਿਕਾਰੀ ਧਨਬੀਰ ਸਿੰਘ ਬੈਂਸ ਨੂੰ ਇਸ ਅਥਾਰਿਟੀ ਦਾ ਪਹਿਲਾ ਮੁਖੀ ਬਣਾ ਕੇ ਖਾਨਾਪੂਰਤੀ ਦਾ ਯਤਨ ਕੀਤਾ ਗਿਆ ਤਾਂ ਮਾਮਲਾ ਪੰਜਾਬ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਜਾਣ ਕਾਰਨ ਸਰਕਾਰ ਨੇ ਬੈਂਸ ਨੂੰ ਅਥਾਰਿਟੀ ਦੇ ਮੁਖੀ ਵਜੋਂ ਹਟਾ ਕੇ ਅਥਾਰਿਟੀ ਦਾ ਭੋਗ ਪਾ ਦਿੱਤਾ ਤੇ ਇਸ ਬਾਰੇ ਨਵੇਂ ਸਿਰੇ ਤੋਂ ਕਾਨੂੰਨ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਸਾਲ 2014 ਤੋਂ ਬਾਅਦ ਸਰਕਾਰ ਨੇ ਇਸ 'ਤੇ ਕੋਈ ਧਿਆਨ ਨਹੀਂ ਦਿੱਤਾ, ਜਦ ਕਿ ਪੁਲਸ ਜ਼ਿਆਦਤੀਆਂ ਦੀਆਂ ਸ਼ਿਕਾਇਤਾਂ ਵਿੱਚ ਦਿਨੋ ਦਿਨ ਵਾਧਾ ਹੁੰਦਾ ਗਿਆ ਹੈ। ਕੁਝ ਗ਼ੈਰ-ਸਰਕਾਰੀ ਸੰਸਥਾਵਾਂ ਨੇ ਪੁਲਸ ਸ਼ਿਕਾਇਤ ਅਥਾਰਿਟੀ ਦੇ ਮੁੱਖੀ ਲਈ ਸੇਵਾਮੁਕਤ ਆਈ ਏ ਐਸ ਜਾਂ ਆਈ ਪੀ ਐਸ ਦੀ ਥਾਂ ਸੇਵਾਮੁਕਤ ਜੱਜ ਨੂੰ ਲਾਉਣ ਦੀ ਮੰਗ ਕੀਤੀ ਸੀ ਤਾਂ ਜੋ ਪੁਲਸ ਖ਼ਿਲਾਫ਼ ਸ਼ਿਕਾਇਤਾਂ ਦਾ ਨਿਰਪੱਖਤਾ ਨਾਲ ਨਿਪਟਾਰਾ ਹੋ ਸਕੇ।

## ਲੁਟੇਰਿਆਂ ਨੇ ਰਿਕਸ਼ਾ ਚਾਲਕ ਨੂੰ ਗੋਲ਼ੀ ਮਾਰ ਕੇ 40 ਹਜ਼ਾਰ ਖੋਹੇ

ਬਟਾਲਾ, 21 ਜਨਵਰੀ (ਪੋਸਟ ਬਿਊਰੋ)- ਪਿੰਡ ਅਲੀਵਾਲ ਰੋਡ 'ਤੇ ਪੰਜਾਬ ਨੈਸ਼ਨਲ ਬੈਂਕ ਤੋਂ ਕਰਜ਼ੇ ਦੇ 40 ਹਜ਼ਾਰ ਕੱਢਵਾ ਕੇ ਆਏ ਪਿੰਡ ਗੁਜਰਪੁਰਾ ਦੇ ਰਿਕਸ਼ਾ ਚਾਲਕ ਮੋਤੀ ਲਾਲ ਨੂੰ ਰਸਤੇ 'ਚ ਤਿੰਨ ਕਾਰ ਸਵਾਰ ਲੁਟੇਰੇ ਗੋਲੀ ਮਾਰ ਕੇ ਉਸ ਕੋਲੋਂ 40 ਹਜ਼ਾਰ ਰੁਪਏ ਖੋਹ ਕੇ ਫ਼ਰਾਰ ਹੋ ਗਏ। ਇਸ ਦੌਰਾਨ ਇੱਕ ਗੋਲੀ ਮੋਤੀ ਲਾਲ ਦੇ ਪੈਰ 'ਤੇ ਲੱਗੀ। ਉਸ ਦੇ ਨਾਲ ਉਸ ਦੀ ਭਾਬੀ ਮਨਜੀਤ ਕੌਰ ਵੀ ਸੀ। ਸੂਚਨਾ ਮਿਲਣ 'ਤੇ ਥਾਣਾ ਘਣੀਏ-ਕੇ-ਬਾਂਗਰ ਪੁਲਸ ਘਟਨਾ ਵਾਲੀ ਥਾਂ 'ਤੇ ਪਹੁੰਚੀ ਤੇ ਜ਼ਖ਼ਮੀ ਨੂੰ ਸਿਵਲ ਹਸਪਤਾਲ ਬਟਾਲਾ ਵਿਖੇ ਪਹੁੰਚ-ਾਇਆ ਗਿਆ। ਗੰਭੀਰ ਜ਼ਖ਼ਮੀ ਹੋਣ ਕਾਰਨ ਡਾਕਟਰਾਂ ਨੇ ਉਸ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਰੈਫਰ ਕਰ ਦਿੱਤਾ।



ਪੁਲਸ ਜਾਂਚ 'ਚ ਸਾਹਮਣੇ ਆਇਆ ਹੈ ਕਿ ਤਿੰਨ ਅਣਪਛਾਤੇ ਬਦਮਾਸ਼ ਉਕਤ ਵਿਅਕਤੀ ਦਾ ਬੈਂਕ ਤੋਂ ਹੀ ਪਿੱਛਾ ਕਰ ਰਹੇ ਸਨ। ਇਨ੍ਹਾਂ ਸਾਰਿਆਂ ਦੇ ਚਿਹਰੇ ਬੈਂਕ ਦੇ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਏ ਸਨ। ਪੁਲਸ ਨੇ ਸੀ ਸੀ ਟੀ ਵੀ ਫੁਟੇਜ ਕਬਜ਼ੇ 'ਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਤੇ ਪੀੜਤ ਰਿਕਸ਼ਾ ਚਾਲਕ ਦੇ ਬਿਆਨਾਂ ਉੱਤੇ ਕੇਸ ਦਰਜ ਕਰ ਲਿਆ ਹੈ। ਜ਼ਖ਼ਮੀ ਮੋਤੀ ਲਾਲ ਨੇ ਦੱਸਿਆ ਕਿ ਉਹ ਰਿਕਸ਼ਾ ਚਲਾਉਂਦਾ ਹੈ। ਕੱਲ੍ਹ ਦੁਪਹਿਰ ਲਗਭਗ ਤਿੰਨ ਵਜੇ ਅਲੀਵਾਲ ਦੇ ਪੰਜਾਬ ਨੈਸ਼ਨਲ ਬੈਂਕ ਤੋਂ ਕਰਜ਼ੇ ਦਾ ਜਮ੍ਹਾ 40 ਹਜ਼ਾਰ ਆਪਣੇ ਖਾਤੇ ਤੋਂ ਕੱਢਵਾਉਣ ਗਿਆ ਸੀ। ਉਸ ਦੇ ਨਾਲ ਭਾਬੀ ਮਨਜੀਤ ਕੌਰ ਵੀ ਸੀ। ਜਦੋਂ ਉਹ ਅਲੀਵਾਲ ਰੋਡ 'ਤੇ ਭੱਠੇ ਕੋਲ ਪੁੱਜੇ ਤਾਂ ਉਕਤ ਕਾਰ ਸਵਾਰਾਂ ਨੇ ਉਸ ਨੂੰ ਰੋਕਿਆ ਤੇ ਗੋਲੀਆਂ ਚਲਾਉਣ ਲੱਗ ਪਏ। ਇਸ ਦੌਰਾਨ ਇੱਕ ਗੋਲੀ ਉਸਦੇ ਪੈਰ 'ਤੇ ਜਾ ਲੱਗੀ। ਫਿਰ ਲੁਟੇਰੇ ਉਸ ਕੋਲੋਂ 40 ਹਜ਼ਾਰ ਰੁਪਏ ਖੋਹ ਕੇ ਫ਼ਰਾਰ ਹੋ ਗਏ, ਜਿਸ ਦੀ ਪੁਲਸ ਵਲੋਂ ਜਾਂਚ ਕੀਤੀ ਜਾ ਰਹੀ ਹੈ।

## ਪਿਸਤੌਲ ਦੀ ਨੋਕ ਉੱਤੇ ਭੱਠਾ ਮਾਲਕ ਦੀ ਨਵੀਂ ਗੱਡੀ ਲੁੱਟੀ ਗਈ

ਅਲਾਵਲਪੁਰ, 21 ਜਨਵਰੀ (ਪੋਸਟ ਬਿਊਰੋ)- ਪਿਸਤੌਲ ਦੀ ਨੋਕ 'ਤੇ ਇਸ ਇਲਾਕੇ ਵਿੱਚ ਇੱਕ ਭੱਠਾ ਮਾਲਕ ਦੀ ਨਵੀਂ ਗੱਡੀ ਲੁੱਟ ਲਏ ਜਾਣ ਦੀ ਖਬਰ ਹੈ ਅਤੇ ਪੁਲਸ ਕਾਰਵਾਈ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਅੱਡਾ ਮਹਿਮਦਪੁਰ ਤੋਂ ਗੋਲ ਪਿੰਡ ਜਾਂਦੀ ਲਿੰਕ ਸੜਕ 'ਤੇ ਇੱਟਾਂ ਦੇ ਭੱਠੇ ਦਾ ਮਾਲਕ ਚਰਨਜੀਤ ਸਿੰਘ ਵਾਸੀ ਮਾਡਲ ਟਾਊਨ ਜਲੰਧਰ ਸ਼ਾਮ ਨੂੰ ਆਪਣੀ ਨਵੀਂ ਗੱਡੀ 'ਤੇ ਜਾ ਰਿਹਾ ਸੀ। ਇਸ ਮੌਕੇ ਚਰਨਜੀਤ ਸਿੰਘ ਗੱਡੀ ਰੋਕ ਕੇ ਪਿਸ਼ਾਬ ਕਰਨ ਬਾਹਰ ਨਿਕਲਿਆ ਤਾਂ ਅਚਾਨਕ ਇੱਕ ਗੱਡੀ 'ਚ ਆਏ ਤਿੰਨ ਨੌਜਵਾਨਾਂ ਨੇ ਉਸ ਨੂੰ ਘੇਰ ਲਿਆ। ਉਕਤ ਨੌਜਵਾਨਾਂ ਨੇ ਉਸ 'ਤੇ ਪਿਸਤੌਲਾਂ ਤਾਣ ਦਿੱਤੀਆਂ ਅਤੇ ਨਵੀਂ ਗੱਡੀ ਦੀ ਚਾਬੀ ਖੋਹਣ ਤੋਂ ਬਾਅਦ ਗੱਡੀ ਲੁੱਟ ਕੇ ਆਦਮਪੁਰ ਵੱਲ ਫਰਾਰ ਹੋ ਗਏ। ਭੱਠਾ ਮਾਲਕ ਚਰਨਜੀਤ ਸਿੰਘ ਨੇ ਘਟਨਾ ਦੀ ਸੂਚਨਾ ਥਾਣਾ ਆਦਮਪੁਰ ਪੁਲਸ ਨੂੰ ਦਿੱਤੀ, ਜਿਸ ਪਿੱਛੋਂ ਪੁਲਸ ਚੌਕੀ ਅਲਾਵਲਪੁਰ ਦੇ ਮੁਖੀ ਏ ਐੱਸ ਆਈ ਹਰਪਾਲ ਸਿੰਘ, ਥਾਣਾ ਆਦਮਪੁਰ ਦੇ ਐੱਸ ਐੱਚ ਓ ਨਰੇਸ਼ ਜੋਸ਼ੀ ਅਤੇ ਹੋਰ ਅਧਿਕਾਰੀ ਮੌਕੇ 'ਤੇ ਪਹੁੰਚੇ। ਪੁਲਸ ਇਸ ਘਟਨਾ ਬਾਰੇ ਕੁਝ ਦੱਸਣ ਨੂੰ ਤਿਆਰ ਨਹੀਂ।

## ਤਸਕਰਾਂ ਨੂੰ ਡਰੋਣ ਵੇਚਣ ਵਾਲੇ ਜੰਮੂ ਅਤੇ ਦਿੱਲੀ ਤੋਂ ਗ੍ਰਿਫਤਾਰ

ਅੰਮ੍ਰਿਤਸਰ, 21 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਤੋਂ ਡਰੋਣ ਰਾਹੀਂ ਭਾਰਤ ਵਿੱਚ ਹੈਰੋਇਨ ਅਤੇ ਹਥਿਆਰਾਂ ਦੀ ਤਸਕਰੀ ਦੇ ਕੇਸ ਵਿੱਚ ਪੁਲਸ ਨੇ ਜੰਮੂ ਅਤੇ ਦਿੱਲੀ ਵਿੱਚ ਛਾਪੇ ਦੌਰਾਨ ਤਸਕਰਾਂ ਨੂੰ ਡਰੋਣ ਵੇਚਣ ਵਾਲੇ ਦੋ ਜਣਿਆਂ ਨੂੰ ਫੜਿਆ ਹੈ, ਜਿਨ੍ਹਾਂ ਦੇ ਨਾਂਅ ਰਿਸ਼ਭ ਵਾਸੀ ਨਵੀਂ ਦਿੱਲੀ ਅਤੇ ਸਰਵੋਦਿਆ ਵਾਸੀ ਜੰਮੂ ਹਨ। ਰਿਸ਼ਭ ਨੂੰ ਕੱਲ੍ਹ ਪੁਲਸ ਨੇ ਕੋਰਟ ਵਿੱਚ ਪੇਸ਼ ਕਰ ਕੇ ਰਿਮਾਂਡ 'ਤੇ ਲਿਆ ਹੈ।

ਅੰਮ੍ਰਿਤਸਰ ਦਿਹਾਤੀ ਪੁਲਸ ਨੂੰ ਜਾਣਕਾਰੀ ਮਿਲੀ ਸੀ ਕਿ ਬਾਰਡਰ ਏਰੀਆ ਦੇ ਤਸਕਰਾਂ ਵੱਲੋਂ ਪਾਕਿ-ਸਤਾਨ ਤੋਂ ਹਥਿਆਰ ਅਤੇ ਹੈਰੋਇਨ ਮੰਗਵਾਈ ਜਾਂਦੀ ਹੈ। ਪਾਕਿਸਤਾਨ ਵੱਲੋਂ ਬਾਰਡਰ ਪਾਰ ਹਥਿਆਰ ਅਤੇ ਹੈਰੋਇਨ ਭੇਜਣ ਲਈ ਡਰੋਣ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਬਾਅਦ ਪੁਲਸ ਨੇ ਜੇਲ੍ਹ ਵਿੱਚ ਬੰਦ ਤਰਨ ਤਾਰਨ ਦੇ ਪਿੰਡ ਕਾਲਸ ਦੇ ਵਾਸੀ ਬਲਕਾਰ ਸਿੰਘ, ਉਸ ਦੇ ਸਾਥੀ ਧਰਮਿੰਦਰ ਸਿੰਘ ਪਿੰਡ ਧਨੋਏ ਖੁਰਦ, ਅਜੈ ਪਾਲ ਸਿੰਘ, ਪਰਮਜੀਤ ਸਿੰਘ ਪਿੰਡ ਮੋਦੇ, ਰਾਹੁਲ ਚੌਹਾਨ ਵਾਸੀ ਹਰਿਆਣਾ, ਜੋ ਫੌਜ ਵਿੱਚ ਹੈ, ਨੂੰ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਤੋਂ ਪੁੱਛਗਿੱਛ ਦੇ ਬਾਅਦ ਡੀ ਐੱਸ ਪੀ ਇਨਵੈਸਟੀਗੇਸ਼ਨ ਗੁਰਿੰਦਰ ਪਾਲ ਸਿੰਘ ਨਾਗਰਾ ਦੀ ਅਗਵਾਈ ਵਿੱਚ ਅੰਮ੍ਰਿਤਸਰ ਦਿਹਾਤੀ ਪੁਲਸ ਟੀਮ ਵੱਲੋਂ ਦਿੱਲੀ ਵਿੱਚ ਛਾਪਾ ਮਾਰ ਕੇ ਰਿਸ਼ਭ ਨਾਂਅ ਦੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ। ਇਸੇ ਤਰ੍ਹਾਂ ਕੱਲ੍ਹ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਜੰਮੂ ਵਿੱਚ ਛਾਪਾ ਮਾਰ ਕੇ ਸਰਵੋਦਿਆ ਬਾਹਰੀ ਨੂੰ ਗ੍ਰਿਫਤਾਰ ਕੀਤਾ ਹੈ। ਫੜੇ ਗਏ ਦੋਵਾਂ ਦੋਸ਼ੀਆਂ ਵੱਲੋਂ ਮੁੰਬਈ ਦੀ ਇੱਕ ਕੰਪਨੀ ਤੋਂ ਡਰੋਣ ਖਰੀਦੇ ਅਤੇ ਫਿਰ ਇਨ੍ਹਾਂ ਨੂੰ ਫੌਜ ਦੇ ਜਵਾਨ ਰਾਹੁਲ ਚੌਹਾਨ ਨੂੰ ਵੇਚ ਦਿੱਤਾ ਸੀ।

## ਦਰੱਖ਼ਤ ਵਿੱਚ ਕਾਰ ਵੱਜਣ ਨਾਲ ਇੱਕ ਜਣੇ ਦੀ ਮੌਤ

ਟਾਂਡਾ ਉੜਮੁੜ, 21 ਜਨਵਰੀ (ਪੋਸਟ ਬਿਊਰੋ)- ਕੱਲ੍ਹ ਸ਼ਾਮ ਇੱਕ ਸੜਕ ਹਾਦਸੇ 'ਚ ਇੱਕ ਪਰਵਾਰ ਦੀ ਨੌਜਵਾਨ ਨੂੰਹ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਉਸਦਾ ਪਤੀ, ਸੱਸ, ਜੇਠ ਅਤੇ ਜਠਾਣੀ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਇਕੱਠੇ ਹੋਏ ਰਾਹਗੀਰਾਂ ਨੇ ਟਾਂਡਾ ਦੇ ਇੱਕ ਨਿੱਜੀ ਹਸਪਤਾਲ 'ਚ ਦਾਖ਼ਲ ਕਰਵਾਇਆ, ਜਿੱਥੇ ਮ੍ਰਿਤਕਾ ਦੀ ਸੱਸ ਦੀ ਗੰਭੀਰ ਹਾਲਤ ਦੇਖਦੇ ਹੋਏ ਉਸ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ। ਮ੍ਰਿਤਕਾ ਦੀ ਪਛਾਣ ਰਣਦੀਪ ਕੌਰ ਪਤਨੀ ਜਸਪ੍ਰੀਤ ਸਿੰਘ ਵਾਸੀ ਕਲਮਾਂ ਥਾਣਾਂ ਨੂਰਪੁਰ ਜ਼ਿਲ੍ਹਾ ਰੋਪੜ ਵਜੋਂ ਹੋਈ ਹੈ।

ਹਾਦਸੇ ਬਾਰੇ ਮ੍ਰਿਤਕਾ ਦੇ ਪਤੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਆਪਣੀ ਕਰੇਟਾ ਕਾਰ 'ਤੇ ਪਰਵਾਰ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਗਏ ਸਨ ਤੇ ਵਾਪਸੀ 'ਤੇ ਘਰ ਜਾਂਦੇ ਸਮੇਂ ਕਾਰ ਭਰਾ ਸਿਮਰਨਜੀਤ ਸਿੰਘ ਚਲਾ ਰਿਹਾ ਸੀ। ਜਦੋਂ ਉਹ ਟਾਂਡਾ ਹੁਸ਼ਿਆਰਪੁਰ ਸਟੇਟ ਹਾਈਵੇ ਉਤੇ ਪੁੱਜੇ ਤਾਂ ਅੱਡਾ ਸਰਾਂ ਨੇੜੇ ਸੈਣੀ ਪੰਪ ਲਾਗੇ ਕਿਸੇ ਗੱਡੀ ਤੋਂ ਪਾਸ ਲੈਂਦੇ ਸਮੇਂ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਸੜਕ ਦੇ ਸਾਈਡ ਉੱਤੇ ਲੱਗੇ ਦਰੱਖਤ ਨਾਲ ਟਕਰਾ ਗਈ। ਇਸ ਹਾਦਸੇ 'ਚ ਸਾਰੇ ਪਰਵਾਰਕ ਮੈਂਬਰ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਰਾਹਗੀਰਾਂ ਨੇ ਹਸਪਤਾਲ ਪੁਚਾਇਆ, ਜਿੱਥੇ ਡਾਕਟਰਾਂ ਨੇ ਰਣਦੀਪ ਕੌਰ ਨੂੰ ਮ੍ਰਿਤਕ ਐਲਾਨ ਦਿੱਤਾ ਤੇ ਹਰਜੀਤ ਕੌਰ ਦੀ ਗੰਭੀਰ ਹਾਲਤ ਵੇਖ ਕੇ ਜਲੰਧਰ ਭੇਜ ਦਿੱਤਾ।

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



# ਸਿੱਖ ਵਿਰੋਧੀ ਦੰਗਿਆਂ ਦੇ 10 ਕੇਸਾਂ 'ਚ ਦੁਬਾਰਾ ਸਮੀਖਿਆ ਹੋਵੇਗੀ



ਕਾਨਪੁਰ, 21 ਜਨਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਸਿੱਖ ਵਿਰੋਧੀ ਦੰਗੇ ਦੀ ਫਾਈਨਲ ਰਿਪੋਰਟ ਲਾ ਕੇ ਬੰਦ ਕੀਤੇ ਗਏ 10 ਕੇਸਾਂ ਦੀ ਦੁਬਾਰਾ ਸਮੀਖਿਆ ਹੋਵੇਗੀ। ਕੱਲ੍ਹ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦੇ ਮੁਖੀ ਸਾਬਕਾ ਡੀ ਜੀ ਅਤੁਲ ਕੁਮਾਰ ਨੇ ਇਸ ਦੀ ਸਮੀਖਿਆ ਕਰਕੇ 10 ਕੇਸਾਂ 'ਚ ਕੋਰਟ ਦੀ ਇਜਾਜ਼ਤ ਲਈ ਕਿਹਾ ਹੈ।

ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 1984 'ਚ ਹੋਏ ਸਿੱਖ ਵਿਰੋਧੀ ਦੰਗਿਆਂ 'ਚ ਕਰੀਬ 127 ਲੋਕਾਂ ਦੀ ਕਾਨਪੁਰ ਵਿੱਚ ਮੌਤ ਹੋਈ ਸੀ। ਇਸ ਸ਼ਹਿਰ ਦੇ ਵੱਖ-ਵੱਖ ਥਾਣਿਆਂ ਵਿੱਚ 1254 ਕੇਸ ਦਰਜ ਹੋਏ ਸਨ। 153 ਕੇਸਾਂ ਵਿੱਚ ਚਾਰਜਸ਼ੀਟ ਦਾਖ਼ਲ ਹੋਈ ਸੀ। ਬਾਕੀ ਸਬੂਤ ਨਾ ਮਿਲਣ ਦਾ ਹਵਾਲਾ ਦੇ ਕੇ ਫਾਈਨਲ ਰਿਪੋਰਟ ਲਗਾ ਕੇ ਬੰਦ ਕਰ ਦਿੱਤੇ ਗਏ ਸਨ। ਐਸ ਆਈ ਟੀ ਦੇ ਮੁਤਾਬਕ 39 ਕੇਸ ਹੱਤਿਆ, ਲੁੱਟ, ਡਕੈਤੀ ਵਰਗੇ ਗੰਭੀਰ ਅਪਰਾਧਾਂ ਨਾਲ ਸਬੰਧਤ ਸਨ। ਇਸ ਵਿੱਚੋਂ ਸਿਰਫ਼ 11 ਕੇਸਾਂ 'ਚ ਚਾਰਜਸ਼ੀਟ ਲਾਈ ਗਈ ਅਤੇ 28 'ਚ ਫਾਈਨਲ ਰਿਪੋਰਟ ਦਿੱਤੀ ਗਈ ਸੀ। ਦੁਬਾਰਾ ਜਾਂਚ ਲਈ ਸਰਕਾਰ ਵੱਲੋਂ ਪਿਛਲੇ ਸਾਲ ਫਰਵਰੀ 'ਚ ਐਸ ਆਈ ਟੀ ਬਣਾਈ ਗਈ ਸੀ। ਜਾਂਚ ਤੋਂ ਬਾਅਦ ਟੀਮ ਨੇ 11 ਕੇਸਾਂ 'ਚ ਪੁਖਤਾ ਸਬੂਤ ਇਕੱਠੇ ਕੀਤੇ ਹਨ। ਸੇਵਾਮੁਕਤ ਡੀ ਜੀ ਅਤੁਲ ਕੁਮਾਰ ਨੇ ਕੋਤਵਾਲੀ ਦਫ਼ਤਰ ਪਹੁੰਚ ਕੇ ਸਮੀਖਿਆ ਕੀਤੀ। ਐਸ ਪੀ ਬਾਲੇਂਦੂ ਭੂਸ਼ਣ ਨੇ ਕਿਹਾ ਕਿ ਜਿਨ੍ਹਾਂ ਮਾਮਲਿਆਂ 'ਚ ਸਬੂਤ ਪੇਸ਼ ਕੀਤੇ ਤੇ ਗਵਾਹਾਂ ਦੇ ਨਾਂ-ਪਤੇ ਦੱਸੇ, ਉਨ੍ਹਾਂ 'ਚੋਂ 10 ਦੀ ਦੁਬਾਰਾ ਸਮੀਖਿਆ ਲਈ ਚੁਣਿਆ ਗਿਆ ਹੈ।

# ਡੀ ਐੱਸ ਪੀ ਦਵਿੰਦਰ ਸਿੰਘ ਦੇ ਢਾਕਾ ਕੁਨੈਕਸ਼ਨ ਦੀ ਜਾਂਚ ਹੋਵੇਗੀ

ਸ੍ਰੀਨਗਰ, 21 ਜਨਵਰੀ (ਪੋਸਟ ਬਿਊਰੋ)- ਅੱਤਵਾਦੀਆਂ ਨਾਲ ਗਠਜੋੜ ਦੇ ਦੋਸ਼ 'ਚ ਫੜੇ ਗਏ ਜੰਮੂ-ਕਸ਼ਮੀਰ ਪੁਲਸ ਦੇ ਡੀ ਐਸ ਪੀ ਦਵਿੰਦਰ ਸਿੰਘ ਦੇ ਢਾਕਾ ਕੁਨੈਕਸ਼ਨ ਦੀ ਵੀ ਜਾਂਚ ਹੋਵੇਗੀ। ਉਹ ਉਥੇ ਸਿਰਫ ਆਪਣੀ ਬੇਟੀਆਂ ਦੀ ਪੜ੍ਹਾਈ ਦੇ ਸੰਬੰਧ ਵਿੱਚ ਜਾਂਦਾ ਸੀ ਜਾਂ ਉਥੇ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ (ਆਈ ਐਸ ਆਈ) ਦੇ ਏਜੰਟਾਂ ਨੂੰ ਮਿਲਦਾ ਸੀ, ਇਸ ਨਾਲ ਜੁੜੇ ਸਾਰੇ ਪਹਿਲੂ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਦੀ ਜਾਂਚ ਦਾ ਹਿੱਸਾ ਹੋਣਗੇ। ਜੰਮੂ-ਕਸ਼ਮੀਰ ਪੁਲਸ ਦੇ ਡੀ ਜੀ ਪੀ ਦਿਲਬਾਗ ਸਿੰਘ ਨੇ ਇਸ ਬਾਰੇ ਦੱਸਿਆ ਹੈ।

ਡੀ ਐਸ ਪੀ ਦਵਿੰਦਰ ਸਿੰਘ ਨੂੰ ਕੁਝ ਦਿਨ ਪਹਿਲਾਂ ਜੰਮੂ-ਸ੍ਰੀਨਗਰ ਹਾਈਵੇ 'ਤੇ ਹਿਜ਼ਬੁਲ ਦੇ ਅੱਤਵਾਦੀ ਨਾਵੀਦ ਬਾਬੂ, ਆਤਿਫ ਉਰਫ ਆਸਿਫ ਤੇ ਲਕਸ਼ਰ ਦੇ ਓਵਰਗਰਾਊਂਡ ਵਰਕਰ ਨਾਲ ਜੰਮੂ ਕਸ਼ਮੀਰ ਪੁਲਸ ਨੇ ਫੜਿਆ ਸੀ। ਇਸ ਤੋਂ ਬਾਅਦ ਡੀ ਐਸ ਪੀ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ।



ਸ੍ਰੀਨਗਰ ਵਿੱਚ ਕੱਲ੍ਹ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੀ ਜੀ ਪੀ ਦਿਲਬਾਗ ਸਿੰਘ ਨੇ ਕਿਹਾ ਕਿ ਐਨ ਆਈ ਏ ਨੇ ਇਸ ਮਾਮਲੇ ਦੀ ਜਾਂਚ ਦੀ ਜ਼ਿੰਮਾ ਸੰਭਾਲ ਲਿਆ ਹੈ। ਉਹ ਵੱਖ-ਵੱਖ ਪਹਿਲੂਆਂ ਬਾਰੇ ਜਾਂਚ ਕਰ ਰਹੀ ਹੈ। ਦਵਿੰਦਰ ਸਿੰਘ ਦੇ ਸਾਥੀ ਅੱਤਵਾਦੀਆਂ ਤੋਂ ਪੁੱਛਗਿੱਛ ਦੇ ਆਧਾਰ ਉਤੇ ਅਸੀਂ ਦੋ ਅੱਤਵਾਦੀ ਟਿਕਾਣੇ ਤੋੜੇ ਹਨ। ਇਸ ਤੋਂ ਇਲਾਵਾ ਦਵਿੰਦਰ ਸਿੰਘ ਦੇ ਕੇਸ 'ਚ ਪੁਲਸ ਵਿਭਾਗ ਵੱਲੋਂ ਇੱਕ ਅੰਦਰੂਨੀ ਜਾਂਚ ਵੀ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਐਨ ਆਈ ਏ ਜਾਂਚ ਕਰ ਰਹੀ ਹੋਣ ਕਾਰਨ ਮੇਰਾ ਇਸ ਬਾਰੇ ਜ਼ਿਆਦਾ ਗੱਲਬਾਤ ਕਰਨਾ ਸਹੀ ਨਹੀਂ।

ਦਵਿੰਦਰ ਸਿੰਘ ਦੇ ਬੰਗਲਾ ਦੇਸ਼ ਕੁਨੈਕਸ਼ਨ ਬਾਰੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਉਸ ਦੀਆਂ ਬੇਟੀਆਂ ਉਥੇ ਪੜ੍ਹਦੀਆਂ ਸਨ, ਉਹ ਉਨ੍ਹਾਂ ਨੂੰ ਮਿਲਣ ਲਈ ਉਥੇ ਆਉਂਦਾ-ਜਾਂਦਾ ਰਿਹਾ ਹੈ। ਸਾਡੇ ਕੋਲ ਇਹੀ ਜਾਣਕਾਰੀ ਹੈ। ਇਸ ਤੋਂ ਅੱਗੇ ਉਥੇ ਉਸ ਦੇ ਤਾਰ ਕਿਸੇ ਸਰਗਰਮੀ ਨਾਲ ਜੁੜੇ ਸਨ ਜਾਂ ਨਹੀਂ, ਇਹ ਵੀ ਜਾਂਚ ਕੀਤੀ ਜਾ ਰਹੀ ਹੈ।

ਇਸ ਦੌਰਾਨ ਸੂਤਰਾਂ ਨੇ ਕਿਹਾ ਕਿ ਸੁਰੱਖਿਆ ਏਜੰਸੀਆਂ ਨੂੰ ਸ਼ੱਕ ਹੈ ਕਿ ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਵਿੱਚ ਦਵਿੰਦਰ ਸਿੰਘ ਕਈ ਵਾਰੀ ਗਿਆ ਹੈ। ਇਸ ਲਈ ਇਸ ਗੱਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਉਹ ਉਥੇ ਆਈ ਐਸ ਆਈ ਦੇ ਏਜੰਟਾਂ ਨੂੰ ਮਿਲਿਆ ਹੋਵੇਗਾ। ਇਸ ਦੇ ਇਲਾਵਾ ਜੰਮੂ ਕਸ਼ਮੀਰ 'ਚ ਸਰਗਰਮ ਕਈ ਅੱਤਵਾਦੀ ਅਤੇ ਜਿਹਾਦੀ ਸੰਗਠਨਾਂ ਦਾ ਨੈਟਵਰਕ ਵੀ ਬੰਗਲਾ ਦੇਸ਼ 'ਚ ਹੈ। ਬੰਗਲਾਦੇਸ਼ 'ਚ ਉਸ ਦੀਆਂ ਬੇਟੀਆਂ ਦੀ ਐਮ ਬੀ ਬੀ ਐਸ ਦੀ ਪੜ੍ਹਾਈ ਨੂੰ ਆਈ ਐਸ ਆਈ ਵੱਲੋਂ ਸਪਾਂਸਰ ਕੀਤੇ ਜਾਣ ਦੇ ਸ਼ੱਕ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

# ਰੇਲਵੇ ਦੇ ਈ-ਟਿਕਟਿੰਗ ਰੈਕੇਟ ਦਾ ਪਰਦਾਫਾਸ਼

## * ਪਾਕਿਸਤਾਨ, ਬੰਗਲਾ ਦੇਸ਼ ਅਤੇ ਡੁਬਈ ਨਾਲ ਲਿੰਕ ਨਿਕਲੇ

ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਰੇਲਵੇ ਸੁਰੱਖਿਆ ਫੋਰਸ (ਆਰ ਪੀ ਐੱਫ) ਨੇ ਈ-ਟਿਕਟਿੰਗ ਰੈਕਟ ਦਾ ਪਰਦਾ ਫਾਸ਼ ਕੀਤਾ ਹੈ। ਇਸ ਰੈਕਟ ਦੀ ਤਾਰ ਪਾਕਿਸਤਾਨ, ਬੰਗਲਾ ਦੇਸ਼ ਤੇ ਡੁਬਈ ਨਾਲ ਜੁੜੀ ਨਿਕਲੀ ਹੈ। ਇਸ ਸੰਬੰਧ ਵਿੱਚ ਆਰ ਪੀ ਐਫ ਨੇ ਝਾਰਖੰਡ ਦੇ ਇਕ ਸਾਫਟਵੇਅਰ ਡਿਵੈਲਪਰ ਗੁਲਾਮ ਮੁਸਤਫ਼ਾ ਨੂੰ ਗ੍ਰਿਫਤਾਰ ਕੀਤਾ ਹੈ। ਆਰ ਪੀ ਐਫ ਡੀ ਜੀ ਅਰੁਣ ਕੁਮਾਰ ਨੇ ਇਸ ਪਿਛੇ ਟੈਰਰ ਫੰਡਿੰਗ ਦਾ ਸ਼ੱਕ ਪ੍ਰਗਟ ਕੀਤਾ ਹੈ।

ਵਰਨਣ ਯੋਗ ਹੈ ਕਿ ਆਰ ਪੀ ਐਫ ਵੱਲੋਂ ਨਾਜਾਇਜ਼ ਈ-ਟਿਕਟਿੰਗ ਰੈਕਟ ਦਾ ਇਹ ਅੱਜ ਤਕ ਦਾ ਸਭ ਤੋਂ ਵੱਡਾ ਖੁਲਾਸਾ ਹੈ। ਗੁਲਾਮ ਮੁਸਤਫ਼ਾ ਨੂੰ ਭੁਵਨੇਸ਼ਵਰ ਤੋਂ ਫੜਿਆ ਗਿਆ ਸੀ। ਆਰ ਪੀ ਐਫ ਦੇ ਡੀ ਜੀ ਨੇ ਦੱਸਿਆ ਕਿ ਦੋਸ਼ੀ ਦੇ ਕੋਲ 563 ਪਰਸਨਲ ਆਈ ਆਰ ਸੀ ਟੀ ਸੀ ਵਾਲੀ ਆਈ ਡੀ, 2400 ਸਟੇਟ ਬੈਂਕ



ਵਾਲੇ ਅਤੇ 600 ਖੇਤਰੀ ਗ੍ਰਾਮੀਣ ਬੈਂਕਾਂ ਵਾਲੇ ਖਾਤੇ ਮਿਲੇ ਹਨ। ਬੀਤੇ 10 ਦਿਨਾਂ ਤੋਂ ਆਈ ਬੀ, ਸਪੈਸ਼ਲ ਬਿਊਰੋ, ਈ ਡੀ, ਐਨ ਆਈ ਏ ਅਤੇ ਕਰਨਾਟਕ ਪੁਲਿਸ ਮੁਸਤਫ਼ਾ ਤੋਂ ਪੁੱਛ ਪੜਤਾਲ ਕਰ ਰਹੀਆਂ ਹਨ। ਆਰ ਪੀ ਐਫ ਦੇ ਡਾਇਰੈਕਟਰ ਅਰੁਣ ਕੁਮਾਰ ਨੇ ਦੱਸਿਆ ਕਿ ਅਸੀਂ ਈ-ਟਿਕਟਿੰਗ ਰੈਕਟ ਖ਼ਿਲਾਫ਼ ਕਾਰਵਾਈ ਵਿਚ ਇਕ ਕਦਮ ਅੱਗੇ ਵਧਾਇਆ ਅਤੇ ਇਕ ਰੈਕਟ ਦਾ ਪਤਾ ਲਾਇਆ ਹੈ। ਇਸ ਦਾ ਕਿੰਗਪਿਨ ਸ਼ਾਇਦ ਡੁਬਈ ਵਿਚ ਹੈ। ਅਸੀਂ ਗਿਰੋਹ ਦੇ ਮੈਂਬਰਾਂ ਦੀ ਜਾਂਚ ਕਰ ਰਹੇ ਹਾਂ ਕਿ ਕਿਸ ਤਰ੍ਹਾਂ ਬੈਂਕਾਂ ਅਤੇ ਕੁਝ ਕੰਪਨੀਆਂ ਕੋਲ ਪੈਸਾ ਜਾ ਰਿਹਾ ਹੈ। ਅਰੁਣ ਕੁਮਾਰ ਨੇ ਹਾਮਿਦ ਅਸ਼ਰਫ ਨੂੰ ਈ-ਟਿਕਟਿੰਗ ਰੈਕਟ ਦਾ ਮਾਸਟਰ ਮਾਈਂਡ ਦੱਸਿਆ ਹੈ। ਕਿਹਾ ਜਾ ਰਿਹਾ ਹੈ ਕਿ ਉਹ ਹਰ ਮਹੀਨੇ 10 ਤੋਂ 15 ਕਰੋੜ ਰੁਪਏ ਇਕੱਠੇ ਕਰਦਾ ਸੀ।

# ਨੋਟਬੰਦੀ ਮਗਰੋਂ ਹਜ਼ਾਰਾਂ ਜਿਊਲਰਜ਼ ਦਾ ਕੀਤਾ ਫਰਾਡ ਨਿਕਲਿਆ



ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਵਿੱਤ ਮੰਤਰਾਲੇ ਹੇਠ ਕੰਮ ਕਰਦੀਆਂ ਏਜੰਸੀਆਂ ਸੰਕੇਤ ਦੇ ਚੁੱਕੀਆਂ ਸਨ ਕਿ ਨਵੰਬਰ 2016 ਵਿੱਚ ਲਾਗੂ ਨੋਟਬੰਦੀ ਨੂੰ ਚੂਨਾ ਲਾਉਣ ਵਿੱਚ ਜਿਊਲਰਜ਼ ਸਭ ਤੋਂ ਅੱਗੇ ਸਨ। ਲਗਭਗ ਚਾਰ ਸਾਲਾਂ ਦੀ ਜਾਂਚ ਤੋਂ ਬਾਅਦ ਸਾਹਮਣੇ ਆਏ ਤੱਥ ਇਨ੍ਹਾਂ ਏਜੰਸੀਆਂ ਦੇ ਸੰਕੇਤ ਨੂੰ ਸਹੀ ਸਾਬਤ ਕਰਦੇ ਹਨ।

ਨੋਟਬੰਦੀ ਨੌਂ ਨਵੰਬਰ 2016 ਨੂੰ ਲਾਗੂ ਕੀਤੀ ਗਈ ਸੀ ਅਤੇ ਤੀਹ ਦਸੰਬਰ 2016 ਦੇ ਅੰਕੜੇ ਦੱਸਦੇ ਹਨ ਕਿ ਕਿਸੇ ਜਿਊਲਰਜ਼ ਨੇ ਸਾਧਾਰਨ ਲੋਕਾਂ ਤੋਂ 93 ਹਜ਼ਾਰ ਫੀਸਦੀ ਵੱਧ ਰਕਮ ਬੈਂਕਾਂ ਵਿੱਚ ਜਮ੍ਹਾ ਕਰਵਾਈ ਸੀ ਤਾਂ ਕਿਸੇ ਨੇ ਆਪਣੀ ਸਾਲਾਨਾ ਕਮਾਈ ਤੋਂ ਇੱਕ ਹਜ਼ਾਰ ਫੀਸਦੀ ਵੱਧ ਰਕਮ ਉਸ ਸਮੇਂ ਵਿੱਚ ਜਮ੍ਹਾ ਕਰਵਾਈ ਸੀ। ਪੰਜ ਲੱਖ ਰੁਪਏ ਦੀ ਸਾਲਾਨਾ ਆਮਦਨ ਵਾਲੇ ਜਿਊਲਰਾਂ ਨੇ ਦੋ-ਤਿੰਨ ਦਿਨਾਂ ਵਿੱਚ ਕਰੋੜਾਂ ਰੁਪਏ ਜਮ੍ਹਾ ਕਰਵਾ ਦਿੱਤੇ, ਪਰ ਜਾਂਚ ਏਜੰਸੀਆਂ ਦੀ ਕਾਰਵਾਈ 'ਚ ਸਭ ਸਾਫ ਹੋਣ ਲੱਗਾ ਹੈ। ਆਮਦਨ ਤੇ ਜਮ੍ਹਾ ਦੇ ਬੇਹੱਦ ਛੋਟੇ ਫਰਕ ਬਾਰੇ ਇਨ੍ਹਾਂ ਤੋਂ ਪੁੱਛਗਿੱਛ ਹੋ ਰਹੀ ਹੈ। ਕਈ ਜਿਊਲਰਾਂ ਖਿਲਾਫ ਕਾਰਵਾਈ ਵੀ ਹੋ ਰਹੀ ਹੈ।

ਵਿੱਤ ਮੰਤਰਾਲੇ ਦੇ ਸੂਤਰਾਂ ਮੁਤਾ-ਬਕ ਇਸ ਵਿੱਚ ਸ਼ੱਕ ਨਹੀਂ ਰਹਿ ਗਿਆ ਕਿ ਨੋਟਬੰਦੀ ਦੌਰਾਨ 500 ਅਤੇ 1000 ਰੁਪਏ ਦੇ ਨੋਟਾਂ ਨੂੰ ਸਿਸਟਮ 'ਚ ਪਹੁੰਚਾਉਣ 'ਚ ਜਿਊਲਰਾਂ ਨੇ ਹੀ ਪ੍ਰਮੁੱਖ ਭੂਮਿਕਾ ਨਿਭਾਈ ਹੈ। ਲਗਭਗ ਸਾਰਿਆਂ ਨੇ ਬੰਦ ਕੀਤੇ ਨੋਟਾਂ ਨੂੰ ਟਿਕਾਣੇ ਲਾਉਣ ਲਈ ਇੱਕੋ ਤਰੀਕਾ ਅਪਣਾਇਆ ਹੈ। ਘਪਲੇਬਾਜ਼ੀ ਦੀ ਹੱਦ ਇਹ ਹੈ ਕਿ ਕੁਝ ਜਿਊਲਰਜ਼ ਜਦ ਫਸ ਗਏ ਤਾਂ ਕਿਸੇ ਦੂਸਰੀ ਕੰਪਨੀ ਦੇ ਦਸਤਾਵੇਜ਼ਾਂ ਅਤੇ ਲਾਭ-ਹਾਨੀ ਖਾਤੇ ਦੀ ਡਿਟੇਲ ਏਜੰਸੀਆਂ ਕੋਲ ਜਮ੍ਹਾ ਕਰਵਾ ਦਿੱਤੇ। ਸੂਤਰਾਂ ਮੁਤਾਬਕ ਕਈ ਜਿਊਲਰਜ਼ ਇਸ ਦਾ ਤਸੱਲੀ ਬਖਸ ਜਵਾਬ ਨਹੀਂ ਦੇ ਸਕੇ ਕਿ ਸੈਂਕੜੇ ਬੇਨਾਮ ਗ੍ਰਾਹਕਾਂ ਤੋਂ ਉਨ੍ਹਾਂ ਨੇ ਪੈਸੇ ਕਿਉਂ ਲਏ। ਹੱਦ ਇਹ ਹੈ ਕਿ ਚਾਰ ਸਾਲ ਬਾਅਦ ਵੀ ਇਨ੍ਹਾਂ ਕੋਲ ਕਰੋੜਾਂ ਰੁਪਏ ਪਏ ਹਨ।

# ਵਿਆਹ ਤੋਂ ਪਹਿਲਾਂ ਮੁੰਡੇ ਦਾ ਪਿਉ ਕੁੜੀ ਦੀ ਮਾਂ ਭਜਾ ਕੇ ਲੈ ਗਿਆ

ਸੂਰਤ, (ਗੁਜਰਾਤ), 21 ਜਨਵਰੀ (ਪੋਸਟ ਬਿਊਰੋ)- ਸੂਰਤ ਵਿਚ ਅਜੀਬ ਘਟਨਾ ਵਾਪਰੀ ਹੈ। ਇਹ ਕਿਸੇ ਫਿਲਮੀ ਸੀਨ ਵਰਗੀ ਹੈ। ਏਥੇ ਵਿਆਹ ਦੀਆਂ ਤਿਆਰੀਆਂ ਵਿਚ ਲਾੜੇ ਦਾ ਪਿਓ ਲਾੜੀ ਦੀ ਮਾਂ ਭਜਾ ਕੇ ਲੈ ਗਿਆ ਹੈ। ਇਸ ਤੋਂ ਬਾਅਦ ਦੋਵੇਂ ਪੱਖਾਂ ਦੇ ਰਿਸ਼ਤੇਦਾਰ ਹੈਰਾਨ ਰਹਿ ਗਏ ਅਤੇ ਵਿਆਹ ਰੋਕਣਾ ਪਿਆ ਹੈ।

ਦੱਸਿਆ ਗਿਆ ਹੈ ਕਿ ਦੋਵੇਂ ਜਵਾਨੀ ਵਿਚ ਇਕ ਦੂਜੇ ਨੂੰ ਪਸੰਦ ਕਰਦੇ ਸਨ। ਵਿਆਹ ਦੇ ਦੌਰਾਨ ਇਕ ਵਾਰ ਫਿਰ ਪੁਰਾਣਾ ਪਿਆਰ ਪਰਵਾਨ ਚੜ੍ਹਿਆ ਤੇ ਦੋਵਾਂ ਨੇ ਇਕ ਦੂਜੇ ਨਾਲ ਭੱਜਣ ਦਾ ਮਨ ਬਣਾ ਲਿਆ। ਮੀਡੀਆ ਮੁਤਾਬਕ ਅਗਲੇ ਫਰਵਰੀ ਦੇ ਦੂਜੇ ਹਫ਼ਤੇ ਵਿਚ ਵਿਆਹ ਹੋਣਾ ਸੀ। ਪਿਛਲੇ 10 ਦਿਨਾਂ ਤੋਂ ਲੜਕੇ ਦੇ 48 ਸਾਲ ਦੇ ਪਿਤਾ ਅਤੇ ਲੜਕੀ ਦੀ 46 ਸਾਲ ਦੀ ਮਾਂ ਗਾਇਬ ਹੋਣ ਉਤੇ ਵਿਆਹ ਦੀਆਂ ਤਿਆਰੀਆਂ ਰੋਕ ਦਿੱਤੀਆਂ ਹਨ। ਲੜਕੇ ਦਾ ਪਰਿਵਾਰ ਕਟਾਰਗਾਮ ਇਲਾਕੇ ਵਿਚ ਰਹਿੰਦਾ ਅਤੇ ਲੜਕੀ ਦਾ ਘਰ ਨਵਸਾਰੀ ਇਲਾਕੇ ਵਿਚ ਹੈ। ਦੱਸ ਦਿਨਾਂ ਤੋਂ ਲੜਕੇ ਦਾ ਬਾਪ ਤੇ ਲੜਕੀ ਦੀ ਮਾਂ ਗਾਇਬ ਹਨ। ਪੁਲਿਸ ਮੁਤਾਬਕ ਦੋਵੇਂ ਇਕੱਠੇ ਭੱਜੇ ਹਨ।

# ਚੋਣਾਂ ਤੋਂ ਪਹਿਲਾਂ ਕੇਜਰੀਵਾਲ ਦਾ ਬਹੁਤ ਨੇੜਲਾ ਵਿਧਾਇਕ ਛੱਡ ਗਿਆ




*ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਨਾਲ ਐਨ ਐਸ ਜੀ ਕਮਾਂਡੋ ਸੁਰਿੰਦਰ ਸਿੰਘ ਖੜ੍ਹੇ ਨਜ਼ਰ ਆ ਰਹੇ ਹਨ।*

ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਦੀ ਤਿਆਰੀ ਦੌਰਾਨ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਸੀਨੀਅਰ ਨੇਤਾ ਅਤੇ ਵਿਧਾਇਕ ਸਾਬਕਾ ਐਨ ਐਸ ਜੀ ਕਮਾਂਡੋ ਸੁਰਿੰਦਰ ਸਿੰਘ ਨੇ ਪਾਰਟੀ ਛੱਡਣ ਦਾ ਐਲਾਨ ਕਰ ਦਿੱਤਾ ਹੈ। ਇਸ ਵਾਰ ਉਹ ਟਿਕਟ ਨਾ ਮਿਲਣ ਕਾਰਨ ਪਾਰਟੀ ਤੋਂ ਨਾਰਾਜ਼ ਸਨ। ਸੁਰਿੰਦਰ ਸਿੰਘ ਨੇ ਅੱਜ ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ, ਜਿਸ ਦੀ ਜਾਣਕਾਰੀ ਉਨ੍ਹਾਂ ਨੇ ਟਵੀਟ ਰਾਹੀਂ ਦਿੱਤੀ ਹੈ। ਅਸਤੀਫੇ ਤੋਂ ਬਾਅਦ ਸਾਬਕਾ ਐਨ ਐਸ ਜੀ ਕਮਾਂਡੋ ਖੁਦ ਸਾਹਮਣੇ ਆਏ ਤੇ ਦੱਸਿਆ ਕਿ ਉਹ ਵਿਧਾਨ ਸਭਾ ਚੋਣਾਂ ਵਿੱਚ ਇਸ ਪਾਰਟੀ ਵਿਰੁੱਧ ਲੜਨਗੇ। ਉਨ੍ਹਾਂ ਨੇ ਪਾਰਟੀ ਪ੍ਰਧਾਨ ਅਰਵਿੰਦ ਕੇਜਰੀਵਾਲ ਨੂੰ ਭੇਜੇ ਅਸਤੀਫੇ ਵਿੱਚ ਪਾਰਟੀ ਮੈਂਬਰੀ ਛੱਡਣ ਦੀ ਗੱਲ ਕਹੀ ਹੈ। ਸੁਰਿੰਦਰ ਸਿੰਘ ਕਮਾਂਡੋ ਨੇ ਕਿਹਾ ਕਿ ਇਸ ਚੋਣ ਵਿੱਚ ਉਹ ਐਨ ਸੀ ਪੀ ਦੀ ਟਿਕਟ ਉੱਤੇ ਚੋਣ ਲੜਨਗੇ। ਉਨ੍ਹਾਂ ਦੱਸਿਆ ਕਿ ਮੈਨੂੰ ਇਸ ਵਾਰ ਵਿਧਾਨ ਸਭਾ ਚੋਣ ਲਈ ਉਮੀਦਵਾਰ ਬਣਨ ਲਈ ਕਈ ਪਾਰਟੀਆਂ ਤੋਂ ਪੇਸ਼ਕਸ਼ ਆਈ ਸੀ, ਪਰ ਮੈਂ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਵਾਲੇ ਟਿਕਟ ਉੱਤੇ ਵਿਧਾਨ ਸਭਾ ਚੋਣ ਲੜਾਂਗਾ। ਇਸ ਬਾਰੇ ਵਿੱਚ ਬਾਕੀ ਜਾਣਕਾਰੀ ਅਗਲੇ ਦਿਨੀਂ ਦੇਵਾਂਗਾ। ਵਰਨਣ ਯੋਗ ਹੈ ਕਿ ਸੁਰਿੰਦਰ ਸਿੰਘ ਵਾਲੀ ਸੀਟ ਦਿੱਲੀ ਕੈਂਟ ਤੋਂ ਆਮ ਆਦਮੀ ਪਾਰਟੀ ਨੇ ਇਸ ਵਾਰ ਵਰਿੰਦਰ ਸਿੰਘ ਕਾਦੀਆਨ ਨੂੰ ਉਮੀਦਵਾਰ ਬਣਾਇਆ ਹੈ। ਸੁਰਿੰਦਰ ਸਿੰਘ ਕਮਾਂਡੋ ਦੋ ਵਾਰ ਦਿੱਲੀ ਕੈਂਟ ਵਿੱਚੋਂ ਵਿਧਾਨ ਸਭਾ ਚੋਣ ਜਿੱਤ ਚੁੱਕੇ ਹਨ। ਸਾਲ 2013 ਵਿੱਚ ਉਨ੍ਹਾਂ ਨੇ ਪਹਿਲੀ ਵਾਰ ਦਿੱਲੀ ਕੈਂਟ ਤੋਂ ਚੋਣ ਲੜੀ ਅਤੇ ਬੇਹੱਦ ਸਖ਼ਤ ਮੁਕਾਬਲੇ ਵਿੱਚ ਭਾਜਪਾ ਉਮੀਦਵਾਰ ਕਰਨ ਸਿੰਘ ਤੰਵਰ ਨੂੰ 355 ਵੋਟਾਂ ਨਾਲ ਹਰਾਇਆ ਸੀ ਤੇ 2015 ਵਿੱਚ ਕਰੀਬ 29 ਹਜਾਰ ਵੋਟਾਂ ਦੇ ਫਰਕ ਨਾਲ ਜਿੱਤਣ ਵਿੱਚ ਕਾਮਯਾਬ ਹੋਏ ਸਨ।

# ਸੀਨੀਅਰ ਵਕੀਲ ਐਚ ਐਸ ਫੂਲਕਾ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ

ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- 1984 ਸਿੱਖ-ਵਿਰੋਧੀ ਦੰਗਿਆਂ ਦੇ ਪੀੜਤਾਂ ਦੇ ਵੱਖ-ਵੱਖ ਕੇਸਾਂ ਦੇ ਵਕੀਲ ਵਜੋਂ ਪੇਸ਼ ਹੋਣ ਵਾਲੇ ਹਰਵਿੰਦਰ ਸਿੰਘ ਫੂਲਕਾ ਨੇ ਕੱਲ੍ਹ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੂੰ ਪੱਤਰ ਮਿਲਿਆ ਹੈ, ਜਿਸ 'ਚ ਉਨ੍ਹਾਂ ਨੂੰ ਜਾਨ ਤੋਂ ਮਾਰ ਦੇਣ ਦੀ ਧਮਕੀ ਦਿੱਤੀ ਗਈ ਹੈ।

ਅਦਾਲਤ ਦੇ ਸੂਤਰਾਂ ਨੇ ਦੱਸਿਆ ਕਿ ਇਸ ਬਾਰੇ ਚੀਫ਼ ਮੈਟਰੋਪਾਲੀਟਨ ਮੈਜਿਸਟਰੇਟ ਐਚ ਐਸ ਭੱਲਾ ਵੱਲੋਂ ਸੀ ਬੀ ਆਈ ਨੂੰ 11 ਫਰਵਰੀ ਤੱਕ ਆਪਣਾ ਜਵਾਬ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ। ਵਰਨਣ ਯੋਗ ਹੈ ਕਿ ਅਦਾਲਤ ਵੱਲੋਂ ਦੰਗਿਆਂ ਨਾਲ ਸਬੰਧਿਤ ਇੱਕ ਕੇਸ ਦੀ ਸੁਣਵਾਈ ਕੀਤੀ ਜਾ ਰਹੀ ਹੈ, ਜਿਸ ਵਿੱਚ ਸੀਨੀਅਰ ਕਾਂਗਰਸ ਨੇਤਾ ਜਗਦੀਸ਼ ਟਾਈਟਲਰ ਦੋਸ਼ੀ ਹਨ। ਐੱਚ ਐੱਸ ਫੂਲਕਾ ਨੇ ਉਨ੍ਹਾਂ ਨੂੰ ਮਿਲੀ ਧਮਕੀ ਬਾਰੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਉਹ ਏਦਾਂ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ, ਕਿਉਂਕਿ 35 ਸਾਲ ਦੀ ਇਸ ਲੜਾਈ ਦੌਰਾਨ ਉਨ੍ਹਾਂ ਨੂੰ ਬਹੁਤ ਵਾਰ ਧਮਕੀਆਂ ਮਿਲ ਚੁੱਕੀਆਂ ਹਨ। ਵਰਨਣ ਯੋਗ ਹੈ ਕਿ ਬੀਤੇ 25 ਨਵੰਬਰ ਨੂੰ ਅਦਾਲਤ ਨੇ ਵਿਵਾਦਤ ਹਥਿਆਰ ਦਲਾ



ਅਭਿਸ਼ੇਕ ਵਰਮਾ ਦੇ ਬਿਆਨ ਰਿਕਾਰਡ ਕਰਨ ਵਿੱਚ ਦੇਰੀ ਲਈ ਸੀ ਬੀ ਆਈ ਨੂੰ ਫਿਟਕਾਰ ਲਾਈ ਸੀ। ਇਹ ਕੇਸ 1 ਨਵੰਬਰ 1984 ਨੂੰ ਓਦੋਂ ਦੀ ਪ੍ਰਧਾਨ ਮੰਤਰੀ ਇੰ-ਦਰਾ ਗਾਂਧੀ ਦੇ ਕਤਲ ਪਿੱਛੋਂ ਉਤਰੀ ਦਿੱਲੀ ਵਿੱਚ ਗੁਰਦੁਆਰਾ ਪੁਲਬੰਗਸ਼ ਵਿਖੇ ਮਾਰੇ ਗਏ ਤਿੰਨ ਸਿੱਖਾਂ ਨਾਲ ਸਬੰਧਿਤ ਹੈ, ਜਿਸ 'ਚ ਜਗਦੀਸ਼ ਟਾਈਟਲਰ ਨੇ ਆਪਣੀ ਕੋਈ ਭੂਮਿਕਾ ਹੋਣ ਤੋਂ ਇਨਕਾਰ ਕਰਦਿਆਂ ਦੱਸਿਆ ਹੈ ਕਿ ਉਸ ਨੂੰ ਇਸ ਕੇਸ ਵਿੱਚ ਸੀ ਬੀ ਆਈ ਤਿੰਨ ਵਾਰ ਕਲੀਨ ਚਿੱਟ ਦੇ ਚੁੱਕੀ ਹੈ, ਪਰ ਅਦਾਲਤ ਨੇ ਸੀ ਬੀ ਆਈ ਨੂੰ ਮੁੜ ਕੇ ਇਸ ਮਾਮਲੇ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਨਿਰਭੈਆ ਕੇਸ ਦੇ ਦੋਸ਼ੀ ਪਵਨ ਦੀ ਅਰਜ਼ੀ ਸੁਪਰੀਮ ਕੋਰਟ ਤੋਂ ਵੀ ਰੱਦ

ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਨਿਰਭੈਆ ਸਮੂਹਿਕ ਬਲਾਤਕਾਰ ਅਤੇ ਹੱਤਿਆ ਮਾਮਲੇ ਵਿੱਚ ਮੌਤ ਦੀ ਸਜ਼ਾ ਯਾਫਤਾ ਚਾਰ ਦੋਸ਼ੀਆਂ ਵਿੱਚੋਂ ਇੱਕ ਪਵਨ ਕੁਮਾਰ ਗੁਪਤਾ ਦਾ ਇਹ ਦਾਅਵਾ ਕੱਲ੍ਹ ਰੱਦ ਕਰ ਦਿੱਤਾ ਕਿ ਅਪਰਾਧ ਦੇ ਸਮੇਂ ਉਹ ਨਾਬਾਲਗ ਸੀ। ਉਸ ਨੇ ਸੁਪਰੀਮ ਕੋਰਟ ਨੂੰ ਅਰਜ਼ੀ ਦੇ ਕੇ ਖੁਦ ਦੇ ਨਾਬਾਲਗ ਹੋਣ ਦਾ ਦਾਅਵਾ ਰੱਦ ਕਰਨ ਦੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ।

ਜਸਟਿਸ ਆਰ ਭਾਨੂਮਤੀ, ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਏ ਐਸ ਬੋਪੰਨਾ ਦੀ ਬੈਂਚ ਨੇ ਪਵਨ ਦੀ ਅਰਜ਼ੀ 'ਤੇ ਸੁਣਵਾਈ ਦੇ ਬਾਅਦ ਉਸ ਨੂੰ ਰੱਦ ਕਰਦੇ ਹੋਏ ਦਿੱਲੀ ਹਾਈ ਕੋਰਟ ਦਾ ਫੈਸਲਾ ਕਾਇਮ ਰੱਖਿਆ। ਸੁਪਰੀਮ ਕੋਰਟ ਨੇ ਕਿਹਾ ਕਿ ਇਸ ਕੇਸ ਵਿੱਚ ਹਾਈ ਕੋਰਟ ਦੇ ਉਸ ਹੁਕਮ ਵਿੱਚ ਦਖਲ ਦੇਣ ਦਾ ਕੋਈ ਆਧਾਰ ਨਹੀਂ



ਹੈ, ਜਿਸ ਵਿੱਚ ਪਵਨ ਦੀ ਅਰਜ਼ੀ ਰੱਦ ਕੀਤੀ ਗਈ ਹੈ। ਅਦਾਲਤ ਨੇ ਕਿਹਾ ਕਿ ਹੇਠਲੀ ਅਦਾਲਤ ਤੇ ਹਾਈ ਕੋਰਟ ਨੇ ਉਸ ਦੇ ਇਸ ਦਾਅਵੇ ਨੂੰ ਸਹੀ ਰੱਦ ਕੀਤਾ ਹੈ। ਪਵਨ ਦੇ ਵਕੀਲ ਏ ਪੀ ਸਿੰਘ ਨੇ ਕਿਹਾ ਕਿ ਸਕੂਲ ਛੱਡਣ ਦੇ ਸਰਟੀਫਿਕੇਟ ਅਨੁਸਾਰ ਅਪਰਾਧ ਦੇ ਸਮੇਂ ਉਹ ਨਾਬਾਲਗ ਸੀ। ਹੇਠਲੀ ਅਦਾਲਤ ਅਤੇ ਹਾਈ ਕੋਰਟ ਨੇ ਉਸ ਦੇ ਇਸ ਦਸਤਾਵੇਜ਼ 'ਤੇ ਵਿਚਾਰ ਨਹੀਂ ਕੀਤਾ। ਦਿੱਲੀ ਪੁਲਸ ਵੱਲੋਂ ਪੇਸ਼ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਪਵਨ ਦੇ ਨਾਬਾਲਗ ਹੋਣ ਦੇ ਦਾਅਵੇ ਬਾਰੇ ਹਰ ਪੜਾਅ ਉੱਤੇ ਵਿਚਾਰ ਕੀਤਾ ਗਿਆ। ਉਹ ਨਿਆਂ ਦੇ ਨਾਲ ਮਜ਼ਾਕ ਹੋਵੇਗਾ ਜੇ ਇੱਕ ਦੋਸ਼ੀ ਨੂੰ ਵਾਰ-ਵਾਰ ਆਪਣੇ ਨਾਬਾਲਗ ਹੋਣ ਦਾ ਮੁੱਦਾ ਉਠਾਉਣ ਦੀ ਖੁੱਲ੍ਹ ਦਿੱਤੀ ਜਾਏ। ਮਹਿਤਾ ਨੇ ਕਿਹਾ ਕਿ ਅਪਰਾਧ ਦੇ ਸਮੇਂ ਪਵਨ 19 ਸਾਲ ਦਾ ਸੀ। ਇਸ ਸੰਬੰਧ ਵਿੱਚ ਉਸ ਦਾ ਜਨਮ ਸਰਟੀਫਿਕੇਟ ਤੇ ਸਕੂਲ ਛੱਡਣ ਦਾ ਸਰਟੀਫਿਕੇਟ ਹੈ, ਜਿਸ ਵਿੱਚ ਹਰ ਜੁਡੀਸ਼ਲ ਮੰਚ 'ਤੇ ਰਿਕਾਰਡ ਵਿੱਚ ਲਿਆਂਦਾ ਗਿਆ ਸੀ।

ਪਵਨ ਨੇ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਨੂੰ ਅਰਜ਼ੀ ਦਿੱਤੀ ਅਤੇ ਉਸ ਨੇ ਨਾਬਾਲਗ ਹੋਣ ਦਾ ਦਾਅਵਾ ਠੁਕਰਾਉਣ ਦੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਦਿੱਲੀ ਦੀ ਇੱਕ ਅਦਾਲਤ ਨੇ ਸ਼ੁੱਕਰਵਾਰ ਨਿਰਭੈਆ ਮਾਮਲੇ ਦੇ ਚਾਰਾਂ ਦੋਸ਼ੀਆਂ; ਵਿਨੈ ਸ਼ਰਮਾ, ਮੁਕੇਸ਼ ਕੁਮਾਰ, ਅਕਸ਼ੈ ਕੁਮਾਰ ਸਿੰਘ ਅਤੇ ਪਵਨ ਕੁਮਾਰ ਗੁਪਤਾ ਦੀ ਮੌਤ ਦੀ ਸਜ਼ਾ 'ਤੇ ਇੱਕ ਫਰਵਰੀ ਨੂੰ ਅਮਲ ਕਰਨ ਲਈ ਡੈੱਥ ਵਾਰੰਟ ਜਾਰੀ ਕੀਤਾ ਸੀ। 23 ਸਾਲਾ ਪੈਰਾ ਮੈਡੀਕਲ ਵਿਦਿਆਰਥਣ ਦੇ ਨਾਲ 16 ਦਸੰਬਰ 2012 ਦੀ ਰਾਤ ਵਿੱਚ ਦੱਖਣੀ ਦਿੱਲੀ ਵਿੱਚ ਚੱਲਦੀ ਬਸ ਵਿੱਚ ਛੇ ਵਿਅਕਤੀਆਂ ਨੇ ਸਮੂਹਿਕ ਬਲਾਤਕਾਰ ਕੀਤਾ ਅਤੇ ਜ਼ਖਮੀ ਹਾਲਤ ਵਿੱਚ ਸੜਕ 'ਤੇ ਸੁੱਟ ਦਿੱਤਾ ਸੀ।

## ਸਮਾਜੀ ਸਹਿਮਤੀ ਦਾ ਸਿੱਟਾ

# ਆਦੀ-ਵਾਸੀ ਨੌਜਵਾਨ ਨੇ ਇੱਕੋ ਮੰਡਪ ਵਿੱਚ ਦੋ ਲੜਕੀਆਂ ਨਾਲ ਵਿਆਹ ਕੀਤਾ

ਕੋਂਡਾਗਾਂਵ, 21 ਜਨਵਰੀ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਕੋਂਡਾਗਾਂਵ ਜ਼ਿਲੇ ਦੇ ਵਿਸ਼ਵਾਪੁਰੀ ਥਾਣਾ ਖੇਤਰ ਦੇ ਕੋਸਮੀ ਪਿੰਡ ਵਿੱਚ ਇੱਕ ਅਨੋਖੇ ਵਿਆਹ ਵਿੱਚ ਇੱਕ ਨੌਜਵਾਨ ਨੇ ਇੱਕੋ ਮੰਡਪ ਵਿੱਚ ਦੋ ਕੁੜੀਆਂ ਨਾਲ ਇਕੱਠੇ ਫੇਰੇ ਲਏ। ਖਾਸ ਗੱਲ ਇਹ ਕਿ ਇਸ ਵਿਆਹ ਲਈ ਦੋਵਾਂ ਲੜਕੀਆਂ ਦੀ ਰਜ਼ਾਮੰਦੀ ਸੀ।

ਇਹ ਪੂਰਾ ਮਾਮਲਾ ਦੋਵਾਂ ਲੜਕੀਆਂ ਨਾਲ ਨੌਜਵਾਨ ਦੇ ਪ੍ਰੇਮ ਪ੍ਰਸੰਗ ਦਾ ਹੈ, ਜਿਸ ਵਿੱਚ ਕੋਸਮੀ ਪਿੰਡ ਦੀ ਲੜਕੀ ਨਾਲ ਜਦ ਉਸ ਨੇ ਵਿਆਹ ਦੀ ਤਿਆਰੀ ਕੀਤੀ ਤਾਂ ਖਬਰ ਸੁਣ ਕੇ ਉਸ ਦੀ ਸਾਰੰਗਪੁਰ ਦੀ ਪ੍ਰੇਮਿਕਾ ਕਵਿਤਾ ਨੇ ਇਸ 'ਤੇ ਇਤਰਾਜ਼ ਕੀਤਾ ਅਤੇ ਕਿਸ਼ੋਰ ਕੁਮਾਰ ਨਾਲ ਵਿਆਹ ਦੀ ਮੰਗ ਕੀਤੀ। ਇਸ ਦੇ ਬਾਅਦ ਨੌਜਵਾਨ ਨੇ ਦੋਵਾਂ ਲੜਕੀਆਂ ਨਾਲ ਵਿਆਹ ਕਰਨ ਦਾ



ਫੈਸਲਾ ਲਿਆ। ਸਥਿਤੀ ਦੇਖਦੇ ਹੋਏ ਨੌਜਵਾਨ ਦੇ ਮਾਤਾ-ਪਿਤਾ ਨੇ ਵੀ ਇਸ ਦੀ ਸਹਿਮਤੀ ਪ੍ਰਗਟਾਈ। ਇਸ ਅਨੋਖੇ ਵਿਆਹ ਲਈ ਬਾਕਾਇਦਾ ਕਾਰਡ ਛਾਪ ਕੇ ਲੋਕਾਂ ਨੂੰ ਬੁਲਾਇਆ ਗਿਆ। ਕਿਸ਼ੋਰ ਦੀਆਂ ਦੋ ਪਤਨੀਆਂ ਵਿੱਚੋਂ ਇੱਕ ਸਾਰੰਗਪੁਰ ਦੀ ਕਵਿਤਾ ਨੇ ਵਿਆਹ ਤੋਂ ਕੁਝ ਦਿਨ ਪਹਿਲਾਂ ਇੱਕ ਬੱਚੇ ਨੂੰ ਜਨਮ ਦਿੱਤਾ ਹੈ, ਉਹ ਹਫਤੇ ਕੁ ਦਾ ਹੈ। ਇਸ ਬੱਚੇ ਦਾ ਅਜੇ ਨਾਮਕਰਣ ਸੰਸਕਾਰ ਤੱਕ ਨਹੀਂ ਹੋ ਸਕਿਆ ਹੈ। ਵਕੀਲ ਅਤੇ ਕੋਇਆ ਸਮਾਜ ਦੇ ਬਸਤਰ ਡਵੀਜ਼ਨ ਦੇ ਮੁਖੀ ਦੇਵਦਾਸ ਕਸ਼ਯਪ ਨੇ ਦੱਸਿਆ ਕਿ 1935 ਦੇ ਆਦੀ ਵਾਸੀ ਲਾਅ ਵਿੱਚ ਬਹੁ-ਪਤਨੀ ਰਿਵਾਜ ਹੈ, ਪਰ ਇਸ ਦੇ ਲਈ ਦੋਵਾਂ ਧਿਰਾਂ ਅਤੇ ਸਮਾਜ ਦੀ ਮਨਜ਼ੂਰੀ ਜ਼ਰੂਰੀ ਹੈ। ਹਿੰਦੂ ਲਾਅ ਵਿੱਚ ਦੋ ਪਤਨੀਆਂ ਰੱਖਣ 'ਤੇ ਪਾਬੰਦੀ ਹੈ। ਆਦੀ ਵਾਸੀਆਂ 'ਤੇ ਹਿੰਦੂ ਲਾਅ ਲਾਗੂ ਨਹੀਂ ਹੁੰਦਾ।

# ਬਾਈਕ ਸਵਾਰਾਂ ਵੱਲੋਂ ਗੋਲੀਆਂ ਮਾਰ ਕੇ ਨੌਜਵਾਨ ਦੀ ਹੱਤਿਆ

ਜੀਂਦ, 21 ਜਨਵਰੀ (ਪੋਸਟ ਬਿਊਰੋ)- ਹਾਊਸਿੰਗ ਬੋਰਡ ਕਲੋਨੀ ਵਿੱਚ ਕੱਲ੍ਹ ਦੁਪਹਿਰ ਨੌਜਵਾਨ ਬਲਕਾਰ (21) ਦੀ ਦੋ ਬਾਈਕ ਸਵਾਰ ਨੌਜਵਾਨਾਂ ਨੇ ਗਲੀ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਵਾਰਦਾਤ ਆਸਪਾਸ ਦੇ ਘਰਾਂ ਵਿੱਚ ਲੱਗੇ ਸੀ ਸੀ ਟੀ ਵੀ ਵਿੱਚ ਰਿਕਾਰਡ ਹੋ ਗਈ। ਪੁਲਸ ਨੇ ਸੀ ਸੀ ਟੀ ਵੀ ਨਾਲ ਕਾਤਲਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਨੌਜਵਾਨ ਦੀ ਹੱਤਿਆ ਉਸ ਦੀ ਪੁਰਾਣੀ ਰੰਜਸ਼ ਕਾਰਨ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਹਾਊਸਿੰਗ ਬੋਰਡ ਕਲੋਨੀ ਦਾ ਨੌਜਵਾਨ ਬਲਕਾਰ ਬਾਈਕ 'ਤੇ ਸਵਾਰ ਹੋ ਕੇ ਦੁਪਹਿਰ ਨੂੰ ਸ਼ਹਿਰ ਦੇ ਸਫੀਦੋਂ ਰੋਡ ਤੋਂ ਆਪਣੇ ਘਰ ਜਾ ਰਿਹਾ ਸੀ। ਜਦ ਉਹ ਘਰ ਦੇ ਨੇੜੇ ਪਹੁੰਚਿਆ ਤਾਂ ਪਿੱਛਾ ਕਰ ਰਹੇ ਇੱਕ ਬਾਈਕ 'ਤੇ ਸਵਾਰ ਦੋ ਨੌਜਵਾਨਾਂ ਨੇ ਉਸ 'ਤੇ ਫਾਈਰਿੰਗ ਕਰ ਦਿੱਤੀ। ਇਨ੍ਹਾਂ ਬਾਈਕ ਸਵਾਰ ਨੌਜਵਾਨਾਂ ਨੇ ਤਿੰਨ ਫਾਇਰ ਕੀਤੇ, ਜਿਸ ਵਿੱਚ ਦੋ ਗੋਲੀਆਂ ਬਲਕਾਰ ਨੂੰ ਲੱਗੀਆਂ ਅਤੇ ਉਸ ਦੇ ਬਾਅਦ ਉਹ ਬਾਈਕ ਨਾਲ ਗਲੀ ਵਿੱਚ ਡਿੱਗ ਪਿਆ। ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਆਸਪਾਸ ਦੇ ਲੋਕ ਘਰਾਂ ਤੋਂ ਨਿਕਲੇ। ਇਸ ਦੇ ਬਾਅਦ ਬਲਕਾਰ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

# ਮਲੇਸ਼ੀਆ ਨੇ ਅਮੀਰ ਦੇਸ਼ਾਂ ਨੂੰ 150 ਕੰਟੇਨਰ ਕਚਰਾ ਵਾਪਸ ਕੀਤਾ





ਕੁਆਲਾਲੰਪੁਰ, 21 ਜਨਵਰੀ (ਪੋਸਟ ਬਿਊਰੋ)- ਦੁਨੀਆ ਭਰ ਤੋਂ ਆਏ ਪਲਾਸਟਿਕ ਕੱਚਰੇ ਤੋਂ ਪਰੇਸ਼ਾਨ ਮਲੇਸ਼ੀਆ ਨੇ ਇਸ ਨੂੰ ਉਨ੍ਹਾਂ ਦੇਸ਼ਾਂ ਨੂੰ ਮੋੜਨਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਸਾਲ ਦੀ ਤੀਜੀ ਤਿਮਾਹੀ ਤੋਂ ਅੱਜ ਤੱਕ 150 ਕੰਟੇਨਰ ਪਲਾਸਟਿਕ ਕਚਰਾ 13 ਪ੍ਰਮੁੱਖ ਅਮੀਰ ਦੇਸ਼ਾਂ ਨੂੰ ਮੋੜਿਆ ਜਾ ਚੁੱਕਾ ਹੈ।

ਮਲੇਸ਼ੀਆ ਨੇ ਕੱਲ੍ਹ ਚਿਤਾਵਨੀ ਵੀ ਦਿੱਤੀ ਕਿ ਜੋ ਲੋਕ ਸਾਡੇ ਦੇਸ਼ ਨੂੰ ਦੁਨੀਆ ਦਾ ਕਚਰਾ ਘਰ ਬਣਾਉਣਾ ਚਾਹੁੰਦੇ ਹਨ, ਉਹ ਸੁਪਨਾ ਦੇਖ ਰਹੇ ਹਨ। ਅਸਲ ਵਿੱਚ ਸਾਲ 2018 ਵਿੱਚ ਚੀਨ ਨੇ ਪਸਾਸਟਿਕ ਕਚਰੇ ਦੀ ਦਰਾਮਦ 'ਤੇ ਪਾਬੰਦੀ ਲਾ ਦਿੱਤੀ ਸੀ ਜਿਸ ਪਿੱਛੋਂ ਇਹ ਕਚਰਾ ਮਲੇਸ਼ੀਆ ਸਮੇਤ ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਆਉਣ ਲੱਗ ਪਿਆ ਸੀ। ਵਾਤਾਵਰਨ ਮੰਤਰੀ ਯਾਓ ਬੀ ਯਿਨ ਨੇ ਕਿਹਾ ਕਿ ਕੁਲ 3,737 ਮੀਟ੍ਰਿਕ ਟਨ ਪਲਾਸਟਿਕ ਕਚਰੇ ਨੂੰ ਉਨ੍ਹਾਂ ਦੇ ਦੇਸ਼ ਭੇਜਣ ਲਈ ਬੰਦਰਗਾਹਾਂ 'ਤੇ ਸਖ਼ਤ ਨਿਯਮ ਲਾਗੂ ਕੀਤੇ ਗਏ ਸਨ ਤਾਂ ਕਿ ਕਚਰੇ ਦੀ ਸਮੱਗਲਿੰਗ ਰੋਕੀ ਜਾ ਸਕੇ। ਨਾਲ ਹੀ 200 ਤੋਂ ਵੱਧ ਨਾਜਾਇਜ਼ ਪਲਾਸਟਿਕ ਰਿਸਾਈਕਲਿੰਗ ਕਾਰਖਾਨਿਆਂ ਨੂੰ ਬੰਦ ਕੀਤਾ ਗਿਆ ਹੈ। ਮੰਤਰੀ ਨੇ ਕਿਹਾ ਕਿ ਚਾਲੂ ਸਾਲ ਦੇ ਮੱਧ ਤੱਕ 110 ਹੋਰ ਕੰਟੇਨਰ ਉਨ੍ਹਾਂ ਦੇਸ਼ਾਂ ਨੂੰ ਮੋੜਨ ਦੀ ਉਮੀਦ ਹੈ। ਇਸ ਸਬੰਧ ਵਿੱਚ ਗੱਲਬਾਤ ਚੱਲ ਰਹੀ ਹੈ।

# ਪਾਕਿ 'ਚ ਅਗਵਾ ਦੱਸੀ ਜਾ ਰਹੀ ਹਿੰਦੂ ਕੁੜੀ ਦਾ ਮਾਮਲਾ ਭਖਿਆ



ਮਹਿਕ ਕੁਮਾਰੀ ਇਸਲਾਮ ਕਬੂਲ ਕਰਨ ਪਿੱਛੋਂ ਪਤੀ ਅਲੀ ਰਜ਼ਾ ਮਾਚੀ ਨਾਲ।

ਲਾਹੌਰ, 21 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ਦੇ ਜ਼ਿਲ੍ਹਾ ਜੈਕਬਾਬਾਦ 'ਚ ਅਗਵਾ ਹੋਈ ਦੱਸੀ ਜਾ ਰਹੀ ਮਹਿਕ ਕੁਮਾਰੀ (15 ਸਾਲ) ਪੁੱਤਰੀ ਵਿਜੈ ਕੁਮਾਰ ਵੱਲੋਂ ਵੀਡੀਓ ਸੁਨੇਹੇ 'ਚ ਇਹ ਕਹੇ ਜਾਣ ਦੇ ਬਾਵਜੂਦ ਕਿ ਉਸ ਨੇ ਮਰਜ਼ੀ ਨਾਲ ਦਰਗਾਹ ਅਰਮੂਹ ਸ਼ਰੀਫ਼ 'ਚ ਇਸਲਾਮ ਕਬੂਲ ਕਰਨ ਪਿੱਛੋਂ ਅਲੀ ਰਜ਼ਾ ਮਾਚੀ (28 ਸਾਲ) ਪੁੱਤਰ ਗੁਲਾਬ ਮਾਚੀ ਨਾਲ ਨਿਕਾਹ ਕੀਤਾ ਹੈ, ਵੱਡੇ ਪੱਧਰ ਉਤੇ ਸੂਬੇ ਦੇ ਵੱਖ-ਵੱਖ ਸ਼ਹਿਰਾਂ 'ਚ ਰੋਸ ਪਰਦਰਸ਼ਨ ਕੀਤੇ ਜਾ ਰਹੇ ਹਨ। ਇਸਲਾਮ ਧਾਰਨ ਕਰਨ ਨਾਲ ਬੀਬੀ ਅਲੀਜ਼ਾ ਬਣੀ ਮਹਿਕ ਕੁਮਾਰੀ ਨੂੰ ਪੁਲਸ ਅਜੇ ਤੱਕ ਅਦਾਲਤ 'ਚ ਪੇਸ਼ ਨਹੀਂ ਕਰ ਸਕੀ ਹੈ ਅਤੇ ਹਿੰਦੂ ਭਾਈਚਾਰੇ ਵਿੱਚ ਇਸ ਦਾ ਰੋਸ ਹੈ।

ਮਹਿਕ ਕੁਮਾਰੀ ਉਰਫ਼ ਅਲੀਜ਼ਾ ਦੇ ਪਿਤਾ ਨੇ ਦੱਸਿਆ ਕਿ ਅਲੀ ਰਜ਼ਾ ਦਾ ਇਸ ਤੋਂ ਪਹਿਲਾਂ ਦੋ ਵਾਰ ਨਿਕਾਹ ਹੋ ਚੁੱਕਾ ਹੈ ਅਤੇ ਉਸ ਦੇ ਚਾਰ ਬੱਚੇ ਹਨ। ਉਨ੍ਹਾਂ ਕਿਹਾ ਕਿ ਅਗਵਾਕਾਰ ਉਨ੍ਹਾਂ ਦੇ ਇਲਾਕੇ 'ਚ ਕੰਮ ਕਰਦਾ ਸੀ ਤੇ ਮੌਕਾ ਵੱਖ ਕੇ ਉਹ 9ਵੀਂ ਜਮਾਤ 'ਚ ਪੜ੍ਹਦੀ ਉਨ੍ਹਾਂ ਦੀ ਧੀ ਨੂੰ ਅਗਵਾ ਕਰਕੇ ਕਿਸੇ ਗੁਪਤ ਥਾਂ ਲੈ ਗਿਆ ਹੈ। ਉਨ੍ਹਾਂ ਕਿਹਾ ਕਿ ਥਾਣੇ ਦੇ ਐਸ ਐਚ ਓ ਨੇ ਅਜੇ ਤੱਕ ਉਨ੍ਹਾਂ ਦੀ ਧੀ ਦਾ ਸੁਰਾਗ ਲਾਉਣ ਲਈ ਕਿਸੇ ਸ਼ੱਕੀ ਠਿਕਾਣੇ 'ਤੇ ਛਾਪੇਮਾਰੀ ਨਹੀਂ ਕੀਤੀ, ਜਦ ਕਿ ਇਲਾਕੇ ਦੇ ਐਸ ਐਸ ਪੀ ਦਾ ਕਹਿਣਾ ਹੈ ਕਿ ਇਸ ਮਾਮਲੇ ਨੂੰ ਸੁਲਝਾਉਣ ਲਈ 3-4 ਦਿਨ ਹੋਰ ਲੱਗ ਸਕਦੇ ਹਨ।

ਜੈਕਬਾਬਾਦ ਪੰਚਾਇਤ ਦੇ ਪ੍ਰਧਾਨ ਤੇ ਹੋਰਨਾਂ ਹਿੰਦੂ ਜਥੇਬੰਦੀਆਂ ਨੇ ਇਸ ਬਾਰੇ ਰੋਸ ਪ੍ਰਦਰਸ਼ਨ ਕਰਦਿਆਂ ਕਿਹਾ ਕਿ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਦੇ ਲੋਕ ਸੁਰੱਖਿਅਤ ਨਹੀਂ। ਉਨ੍ਹਾਂ ਕਿਹਾ ਕਿ ਜੇ ਜਲਦੀ ਮਹਿਕ ਨੂੰ ਉਸ ਦੇ ਵਾਰਿਸਾਂ ਦੇ ਹਵਾਲੇ ਨਾ ਕੀਤਾ ਗਿਆ ਤਾਂ ਪਾਕਿਸਤਾਨ 'ਚ ਵਿਸ਼ਾਲ ਪੱਧਰ 'ਤੇ ਅਜਿਹੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ, ਜੋ ਪਹਿਲਾਂ ਕਦੇ ਨਹੀਂ ਹੋਏ ਹੋਣਗੇ। ਉਨ੍ਹ ਨੇ ਨਾਲ ਹੀ ਇਹ ਵੀ ਚਿਤਾਵਨੀ ਦਿੱਤੀ ਕਿ ਜੇ ਇਸੇ ਪ੍ਰਕਾਰ ਪਾਕਿਸਤਾਨ 'ਚ ਹਿੰਦੂ ਕੁੜੀਆਂ ਦੇ ਧਰਮ ਪਰਿਵਰਤਨ ਅਤੇ ਗ਼ੈਰ-ਧਰਮ 'ਚ ਨਿਕਾਹ ਦੇ ਮਾਮਲੇ ਜਾਰੀ ਰਹੇ ਤਾਂ ਉਨ੍ਹਾਂ ਨੂੰ ਮਜ਼ਬੂਰਨ ਪਾਕਿਸਤਾਨ ਨੂੰ ਛੱਡ ਕੇ ਕਿਸੇ ਹੋਰ ਦੇਸ਼ ਵਿੱਚ ਸ਼ਰਨ ਲੈਣੀ ਹੋਵੇਗੀ। ਪਾਕਿਸਤਾਨ ਹਿੰਦੂ ਪੰਚਾਇਤ ਵੱਲੋਂ ਜਾਰੀ ਕੀਤੀ ਸੂਚੀ ਮੁਤਾਬਕ ਸਾਲ 2019 ਦੇ ਅਖੀਰਲੇ ਮਹੀਨਿਆਂ 'ਚ 50 ਦੇ ਲਗੱਭਗ ਘੱਟ ਗਿਣਤੀ ਭਾਈਚਾਰੇ ਦੀਆਂ ਲੜਕੀਆਂ ਦੇ ਅਗਵਾ ਦੇ ਮਾਮਲੇ ਸਾਹਮਣੇ ਆਏ ਹਨ ਆਦਿ ਦੇ ਨਾਂ ਦਰਜ ਹਨ।

## ਭਾਰਤ 'ਚ ਇੱਕ ਫ਼ੀਸਦੀ ਅਮੀਰਾਂ ਕੋਲ 70 ਫ਼ੀਸਦੀ ਗ਼ਰੀਬਾਂ ਨਾਲੋਂ ਚਾਰ ਗੁਣਾ ਵਧੇਰੇ ਜਾਇਦਾਦ



ਦਾਵੋਸ, 21 ਜਨਵਰੀ (ਪੋਸਟ ਬਿਊਰੋ)- ਇੱਕ ਸਰਵੇਖਣ ਮੁਤਾਬਕ ਭਾਰਤ ਦੇ ਇੱਕ ਫ਼ੀਸਦੀ ਅਮੀਰਾਂ ਦੇ ਕੋਲ 95.3 ਕਰੋੜ (ਕਰੀਬ 70 ਫ਼ੀਸਦੀ) ਲੋਕਾਂ ਤੋਂ ਚਾਰ ਗੁਣਾਂ ਵਧੇਰੇ ਜਾਇਦਾਦ ਹੈ ਅਤੇ ਦੇਸ਼ ਦੇ 95.3 ਕਰੋੜ ਲੋਕ ਗਰੀਬੀ ਹੇਠ ਰਹਿੰਦੇ ਹਨ। ਕੱਲ੍ਹ ਜਾਰੀ ਹੋਈ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਦੇ 63 ਅਰਬਪਤੀਆਂ ਕੋਲ ਦੇਸ਼ ਦੇ ਸਾਲਾਨਾ ਆਮ ਬਜਟ ਨਾਲੋਂ ਵੀ ਵਧੇਰੇ ਜਾਇਦਾਦ ਹੈ।

ਵਰਲਡ ਇਕੋਨੋਮਿਕ ਫੋਰਮ (ਡਬਲਿਊ ਈ ਐਫ) ਦੀ 50ਵੀਂ ਸਾਲਾਨਾ ਬੈਠਕ ਤੋਂ ਪਹਿਲਾਂ 'ਟਾਈਮ ਟੂ ਕੇਅਰ' ਰਿਪੋਰਟ ਜਾਰੀ ਕਰਦਿਆਂ 'ਆਕਸਫੈਮ' ਨੇ ਕਿਹਾ ਕਿ ਦੁਨੀਆ ਦੇ 2,153 ਅਰਬਤੀਆਂ ਕੋਲ 460 ਕਰੋੜ ਲੋਕਾਂ ਤੋਂ ਵੱਧ ਜਾਇਦਾਦ ਹੈ, 460 ਕਰੋੜ ਲੋਕ ਦੁਨੀਆ ਦੀ 60 ਫ਼ੀਸਦੀ ਆਬਾਦੀ ਬਣਦੀ ਹੈ। ਇਸ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਸੰਸਾਰ ਪੱਧਰ ਦੀ ਨਾ-ਬਰਾਬਰੀ ਹੈਰਾਨ ਕਰਨ ਵਾਲੀ ਹੈ ਕਿਉਂਕਿ ਅਮੀਰਾਂ ਦੀ ਗਿਣਤੀ ਪਿਛਲੇ ਦਹਾਕੇ 'ਚ ਦੁੱਗਣੀ ਹੋਈ ਹੈ, ਜਦ ਕਿ ਪਿਛਲੇ ਸਾਲ ਇਨ੍ਹਾਂ ਦੀ ਸਾਂਝੀ ਜਾਇਦਾਦ 'ਚ ਕਮੀ ਆਈ ਹੈ।

ਆਕਸਫੈਮ ਇੰਡੀਆ ਦੇ ਸੀ ਈ ਓ ਅਮਿਤਾਭ ਬੇਹਰ ਨੇ ਕਿਹਾ ਹੈ ਕਿ ਅਮੀਰਾਂ ਤੇ ਗਰੀਬਾਂ ਵਿੱਚ ਵਧ ਰਹੇ ਪਾੜੇ ਨੂੰ ਖ਼ਤਮ ਕਰਨ ਲਈ ਵਿਤਕਰਾ ਪੈਦਾ ਕਰਨ ਵਾਲੀਆਂ ਨੀਤੀਆਂ ਖ਼ਿਲਾਫ਼ ਕਦਮ ਚੁੱਕਣ ਪੈਣਗੇ, ਜਿਸ ਲਈ ਬਹੁਤ ਘੱਟ ਸਰਕਾਰਾਂ ਵਚਨਬੱਧ ਹਨ। ਇਥੇ ਹੋਣ ਵਾਲੇ ਡਬਲਿਊ ਈ ਐਫ ਦੇ ਪੰਜ ਦਿਨਾਂ ਸੰਮੇਲਨ ਵਿੱਚ ਆਮਦਨ ਅਤੇ ਲਿੰਗਕ ਨਾ-ਬਰਾਬਰੀ ਦੇ ਮੁੱਦਿਆਂ ਨੂੰ ਵਿਚਾਰ ਵਟਾਂਦਰੇ ਦੌਰਾਨ ਪ੍ਰਮੁੱਖਤਾ ਨਾਲ ਉਠਾਏ ਜਾਣ ਦੀ ਉਮੀਦ ਹੈ।

# ਪ੍ਰਿੰਸ ਹੈਰੀ ਨੇ ਸ਼ਾਹੀ ਪਰਿਵਾਰ ਤੋਂ ਵੱਖ ਹੋਣ 'ਤੇ ਦੁੱਖ ਪ੍ਰਗਟਾਇਆ



ਲੰਡਨ, 21 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਿੰਸ ਹੈਰੀ ਨੇ ਸ਼ਾਹੀ ਪਰਵਾਰ ਤੋਂ ਅਲੱਗ ਹੋਣ ਦੇ ਦਸਤਾਵੇਜ਼ 'ਤੇ ਦਸਖ਼ਤ ਪਿੱਛੋਂ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਬਿਨਾਂ ਉਨ੍ਹਾਂ ਕੋਲ ਕੋਈ ਬਦਲ ਨਹੀਂ ਸੀ। ਹੈਰੀ ਨੇ ਕੱਲ੍ਹ ਕਰਵਾਏ ਇੱਕ ਚੈਰਿਟੀ ਪ੍ਰੋਗਰਾਮ ਵਿੱਚ ਕਿਹਾ ਕਿ ਜਦੋਂ ਉਨ੍ਹਾਂ ਅਤੇ ਮੇਘਨ ਦਾ ਵਿਆਹ ਹੋਇਆ ਸੀ ਤਾਂ ਉਹ ਬਹੁਤ ਉਤਸ਼ਾਹਿਤ ਅਤੇ ਆਸਵਾਨ ਸਨ ਪ੍ਰੰਤੂ ਕੁਝ ਕਾਰਨਾਂ ਕਾਰਨ ਉਨ੍ਹਾਂ ਨੂੰ ਇਹ ਫ਼ੈਸਲਾ ਲੈਣਾ ਪਿਆ।

ਸ਼ਾਹੀ ਦਰਜਾ ਛੱਡਣ ਪਿੱਛੋਂ ਪ੍ਰਿੰਸ ਹੈਰੀ ਅਤੇ ਉਨ੍ਹਾਂ ਦੀ ਪਤਨੀ ਮੇਘਨ ਮਰਕਲ ਨੂੰ ਸ਼ਾਹੀ ਫ਼ਰਜ਼ਾਂ ਲਈ ਕਿਸੇ ਤਰ੍ਹਾਂ ਦਾ ਜਨਤਕ ਫੰਡ ਨਹੀਂ ਦਿੱਤਾ ਜਾਏਗਾ। ਪ੍ਰਿੰਸ ਹੈਰੀ ਨੇ ਕਿਹਾ ਕਿ ਮੈਂ ਕਿਸੇ ਤਰ੍ਹਾਂ ਦਾ ਜਨਤਕ ਧਨ ਲਏ ਬਿਨਾਂ ਮਹਾਰਾਣੀ, ਕਾਮਨਵੈੱਲਥ ਅਤੇ ਆਪਣੇ ਫ਼ੌਜੀ ਕਰਤੱਵਾਂ ਨੂੰ ਨਿਭਾਉਣ ਲਈ ਤਿਆਰ ਸੀ ਪ੍ਰੰਤੂ ਬਦਕਿਸਮਤੀ ਨਾਲ ਇਹ ਸੰਭਵ ਨਹੀਂ ਸੀ। ਇਸ ਕਰ ਕੇ ਮੈਨੂੰ ਇਹ ਫ਼ੈਸਲਾ ਲੈਣਾ ਪਿਆ। ਮੈਂ ਇਹ ਫ਼ੈਸਲਾ ਪਤਨੀ ਮੇਘਨ ਦੇ ਲਈ ਕੀਤਾ ਅਤੇ ਇਸ ਫ਼ੈਸਲੇ 'ਤੇ ਪੁੱਜਣ ਤੋਂ ਪਹਿਲੇ ਕਈ ਮਹੀਨੇ ਵਿਚਾਰ ਕੀਤਾ। ਫ਼ੈਸਲਾ ਠੀਕ ਹੋਵੇ, ਇਹ ਜ਼ਰੂਰੀ ਨਹੀਂ, ਪ੍ਰੰਤੂ ਇਸ ਦੇ ਬਿਨਾਂ ਕੋਈ ਹੋਰ ਬਦਲ ਨਹੀਂ ਸੀ। ਇਸ ਤਰ੍ਹਾਂ ਦਾ ਕਦਮ ਚੁੱਕਣ ਲਈ ਲੋਕਾਂ ਜੋ ਹਿੰਮਤ ਦਿੱਤੀ, ਉਸ ਲਈ ਸਾਰਿਆਂ ਦਾ ਧੰਨਵਾਦ ਪ੍ਰਗਟ ਕਰਦਾ ਹਾਂ। ਹੈਰੀ ਨੇ ਕਿਹਾ ਕਿ ਮੈਂ ਸਾਫ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਦੂਰ ਨਹੀਂ ਜਾ ਰਿਹਾ। ਬ੍ਰਿਟੇਨ ਮੇਰਾ ਘਰ ਹੈ ਅਤੇ ਇਹ ਉਹ ਥਾਂ ਹੈ ਜਿਸ ਨਾਲ ਉਹ ਪਿਆਰ ਕਰਦੇ ਹਨ ਅਤੇ ਇਹ ਵਾਸਤਵਿਕਤਾ ਕਦੇ ਨਹੀਂ ਬਦਲ ਸਕਦੀ ਹੈ।

# ਕੋਰੋਨਾ ਵਾਇਰਸ ਦੀ ਤਿੰਨ ਹੋਰ ਏਸ਼ਿਆਈ ਮੁਲਕਾਂ 'ਚ ਦਸਤਕ



ਪੇਈਚਿੰਗ , 21 ਜਨਵਰੀ (ਪੋਸਟ ਬਿਊਰੋ)- ਸਾਹ 'ਚ ਤਕਲੀਫ਼ ਨਾਲ ਜੁੜੇ ਕੋਰੋਨਾ ਵਾਇਰਸ ਦੀ ਲਪੇਟ 'ਚ ਆ ਕੇ ਚੀਨ 'ਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਹੈ। ਵਾਇਰਸ ਦੇ ਚੀਨ 'ਚ ਫੈਲਣ ਪਿੱਛੋਂ ਇਸ ਨੇ ਏਸ਼ੀਆ ਦੇ ਤਿੰਨ ਹੋਰ ਮੁਲਕਾਂ 'ਚ ਪੈਰ ਪਸਾਰ ਲਏ ਹਨ। ਵੱਡੀ ਮਹਾਮਾਰੀ ਦੇ ਖ਼ਦਸ਼ੇ ਦਰਮਿਆਨ ਲੱਖਾਂ ਲੋਕ ਚੀਨੀ ਨਵਾਂ ਵਰ੍ਹਾ ਮਨਾਉਣ ਲਈ ਘਰਾਂ ਨੂੰ ਪਰਤ ਰਹੇ ਹਨ। ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਨਾਲ ਜੁੜਿਆ ਪਹਿਲਾ ਕੇਸ ਚੀਨੀ ਸ਼ਹਿਰ ਵੂਹਾਨ 'ਚ ਸਾਹਮਣੇ ਆਇਆ ਸੀ। ਵਾਹੂਨ 'ਚ 136 ਨਵੇਂ ਕੇਸ ਮਿਲੇ ਹਨ।

ਇਸ ਦੌਰਾਨ ਵਾਇਰਸ ਤੋਂ ਪੀੜਤ ਲੋਕਾਂ ਦੀ ਗਿਣਤੀ ਵੱਧ ਕੇ 201 ਹੋ ਗਈ ਹੈ। ਸਾਲ 2002-2003 'ਚ ਇਸ ਵਾਇਰਸ ਨੇ ਚੀਨ ਅਤੇ ਹਾਂਗਕਾਂਗ 'ਚ ਕਰੀਬ 650 ਲੋਕਾਂ ਦੀ ਜਾਨ ਲੈ ਲਈ ਸੀ। ਥਾਈਲੈਂਡ ਅਤੇ ਜਾਪਾਨ 'ਚ ਤਿੰਨ ਕੇਸਾਂ ਦੀ ਪੁਸ਼ਟੀ ਮਗਰੋਂ ਦੱਖਣੀ ਕੋਰੀਆ 'ਚ ਵੀ ਕੋਰੋਨਾ ਵਾਇਰਸ ਦਾ ਪਹਿਲਾ ਕੇਸ ਕੱਲ੍ਹ ਨੂੰ ਸਾਹਮਣੇ ਆਇਆ ਹੈ। 35 ਵਰ੍ਹਿਆਂ ਦੀ ਮਹਿਲਾ ਵਾਹੂਨ ਤੋਂ ਮੁਲਕ ਪਰਤੀ ਸੀ। ਸਾਰੇ ਕੇਸਾਂ 'ਚ ਪੀੜਤ ਵਿਅਕਤੀ ਚੀਨੀ ਸ਼ਹਿਰਾਂ ਤੋਂ ਆਪਣੇ ਮੁਲਕ ਪਰਤੇ ਸਨ। ਬਿਮਾਰੀ ਦੇ ਇੱਕ-ਦੂਜੇ ਤੋਂ ਫੈਲਣ ਦੀ ਅਜੇ ਤੱਕ ਤਸਦੀਕ ਨਹੀਂ ਹੋਈ ਹੈ, ਪਰ ਅਧਿਕਾਰੀਆਂ ਨੇ ਇਸ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ। ਪੇਈਚਿੰਗ ਦੇ ਡੈਕਸਿੰਗ ਜ਼ਿਲ੍ਹੇ ਦੇ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਵਾਹੂਨ ਗਏ ਦੋ ਵਿਅਕਤੀਆਂ ਦਾ ਵਾਇਰਸ ਨਾਲ ਜੁੜੇ ਨਮੂਨੀਆ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਹਾਲਤ ਸਥਿਰ ਹੈ। ਸ਼ੇਨਜ਼ੈਨ ਦੇ ਅਧਿਕਾਰੀਆਂ ਨੇ ਕਿਹਾ ਕਿ ਅੱਠ ਹੋਰ ਵਿਅਕਤੀਆਂ 'ਤੇ ਨਿਗ੍ਹਾ ਰੱਖੀ ਜਾ ਰਹੀ ਹੈ।

ਗੁਆਂਗਡੋਂਗ ਦੇ ਸਿਹਤ ਕਮਿਸ਼ਨ ਨੇ ਕਿਹਾ ਕਿ ਮਹਾਮਾਰੀ ਨੂੰ ਅਜੇ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਹਾਂਗਕਾਂਗ 'ਚ ਅਧਿਕਾਰੀਆਂ ਨੇ ਵਾਈਰਸ ਤੋਂ ਬਚਣ ਲਈ ਕਦਮ ਉਠਾ ਲਏ ਹਨ ਅਤੇ ਚੀਨ ਤੋਂ ਆ ਰਹੇ ਵਿਅਕਤੀਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਥਾਈਲੈਂਡ ਅਤੇ ਅਮਰੀਕਾ ਦੇ ਕੁਝ ਹਵਾਈ ਅੱਡਿਆਂ 'ਤੇ ਮੁਸਾਫ਼ਰਾਂ ਦੀ ਸਿਹਤ ਜਾਂਚੀ ਜਾ ਰਹੀ ਹੈ।

## ਨੌਟਿੰਘਮ ਵਿਖੇ ਪੰਜਾਬੀ ਨੌਜਵਾਨ ਦਾ ਕਤਲ

ਲੰਡਨ, 21 ਜਨਵਰੀ (ਪੋਸਟ ਬਿਊਰੋ)- ਯੂ ਕੇ ਸ਼ਹਿਰ ਨੌਟਿੰਘਮ ਵਿਖੇ 20 ਸਾਲਾ ਪੰਜਾਬੀ ਨੌਜਵਾਨ ਅਰਜਨ ਸਿੰਘ ਦੇ ਕਤਲ ਹੋਣ ਦੀ ਖ਼ਬਰ ਮਿਲੀ ਹੈ। ਇਹ ਘਟਨਾ 18 ਜਨਵਰੀ ਕੱਲ੍ਹ ਨੂੰ ਸ਼ਾਮੀ ਸਲੱਗ ਐਂਡ ਲੇਟਸ ਪੱਬ, ਲੌਂਗ ਰੋਅ, ਸਿਟੀ ਸੈਂਟਰ ਨੌਟਿੰਘਮ ਵਿਖੇ ਸ਼ਾਮੀ ਚਾਰ ਵਜੇ ਵਾਪਰੀ ਹੈ। ਅਰਜਨ ਸਿੰਘ ਨੂੰ ਜ਼ਖ਼ਮੀ ਹਾਲਤ 'ਚ ਕੁਈਨ ਮੈਡੀਕਲ ਹਸਪਤਾਲ ਵਿਖੇ ਲਿਜਾਇਆ ਗਿਆ, ਜਿਸ ਦੀ ਬਾਅਦ ਕੱਲ੍ਹ ਹਸਪਤਾਲ 'ਚ ਮੌਤ ਹੋ ਗਈ। ਨੌਟਿੰਘਮਸ਼ਾਇਰ ਦੀ ਪੁਲਸ ਵੱਲੋਂ ਕਤਲ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਅਧਿਕਾਰੀ ਇੰਸਪੈਕਟਰ ਰਿਚਰਡ ਮੌਕ ਨੇ ਕਿਹਾ ਕਿ ਅਸੀਂ ਪੀੜਤ ਪਰਵਾਰ ਨਾਲ ਹਮਦਰਦੀ ਕਰਦੇ ਹਾਂ ਤੇ ਇਸ ਦੁਖਦਾਈ ਮੌਕੇ ਜੇ ਕਿਸੇ ਕੋਲ ਡੈਸ਼ ਕੈਮ ਜਾਂ ਮੋਬਾਈਲ ਫ਼ੋਨ ਤੇ ਫੁਟੇਜ਼ ਹੋਵੇ ਤਾਂ ਜ਼ਰੂਰ ਸੰਪਰਕ ਕਰੇ, ਇਸ ਦੇ ਨਾਲ ਹੀ ਰੋਅ ਵੈਸਟ ਅਤੇ ਐਂਜ਼ਲ ਰੋਅ ਸੜਕਾਂ 'ਤੇ ਜਾਣ ਵਾਲੇ ਟੈਕਸੀ ਡਰਾਈਵਰਾਂ ਨੂੰ ਵੀ ਮਦਦ ਦੀ ਅਪੀਲ ਕੀਤੀ ਹੈ ਤਾਂ ਕਿ ਦੋਸ਼ੀਆਂ ਤੱਕ ਪਹੁੰਚ ਕੀਤੀ ਜਾ ਸਕੇ। ਨੌਟਿੰਘਮ ਟਰੈਂਟ ਯੂਨੀਵਰਸਿਟੀ ਸਿੱਖ ਸੁਸਾਇਟੀ, ਯੂਨੀਵਰਸਿਟੀ ਆਫ਼ ਨੌਟਿੰਘਮ ਸਿੱਖ ਸੁਸਾਇਟੀ, ਸਿੱਖ ਯੂਥ ਯੂ ਕੇ ਅਤੇ ਜੀ ਏ ਡੀ ਜਿੰਮ ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵੱਲੋਂ ਅਰਜਨ ਸਿੰਘ ਦੀ ਯਾਦ 'ਚ ਘਟਨਾ ਸਥਾਨ 'ਤੇ ਕੱਲ੍ਹ ਸ਼ਾਮੀ ਮੋਮਬੱਤੀ ਮਾਰਚ ਕੱਢਿਆ ਜਾਵੇਗਾ।

# ਮਿਸੌਰੀ 'ਚ ਫਾਇਰਿੰਗ ਦੌਰਾਨ ਦੋ ਦੀ ਮੌਤ



ਕੰਸਾਸ ਸਿਟੀ, 21 ਜਨਵਰੀ (ਪੋਸਟ ਬਿਊਰੋ)- ਕੰਸਾਸ ਸਿਟੀ, ਮਿਸੌਰੀ ਦੀ ਪੁਲਸ ਅਨੁਸਾਰ ਇਥੇ ਹੋਈ ਫਾਇਰਿੰਗ 'ਚ ਦੋ ਲੋਕਾਂ ਦੀ ਮੌਤ ਹੋ ਗਈ ਜਦ ਕਿ 15 ਹੋਰ ਜ਼ਖ਼ਮੀ ਹੋ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਇਹ ਫਾਇਰਿੰਗ ਕੱਲ੍ਹ ਅੱਧੀ ਰਾਤ ਤੋਂ ਬਾਅਦ ਸ਼ੁਰੂ ਹੋਈ। ਇਸ ਸਮੇਂ ਪਏ ਸ਼ੋਰ-ਸ਼ਰਾਬੇ 'ਚ ਲੋਕਾਂ ਨੇ ਮਦਦ ਦੀ ਮੰਗ ਕੀਤੀ ਤੇ ਪੁਲਸ ਮੌਕੇ 'ਤੇ ਪੁੱਜੀ। ਪੁਲਸ ਨੂੰ ਪਾਰਕਿੰਗ ਵਾਲੀ ਥਾਂ ਇੱਕ ਕੁੜੀ ਟਿਫਨੀ ਐਨਰੀਕੁਏਜ਼ ਤੇ ਕੋਲਾਈਕ ਕਲਾਮਾ ਦੀਆਂ ਲਾਸ਼ਾਂ ਮਿਲੀਆਂ। ਪੁਲਸ ਅਨੁਸਾਰ ਦੋ ਲਾਸ਼ਾਂ ਵਿੱਚੋਂ ਇੱਕ ਹਮਲਾਵਰ ਦੀ ਹੈ। ਹਮਲਾਵਰ ਨੇ ਉਦੋਂ ਫਾਇਰਿੰਗ ਸ਼ੁਰੂ ਕੀਤੀ ਜਦੋਂ ਲੋਕ ਬਾਰ ਵਿੱਚ ਜਾਣ ਲਈ ਕਤਾਰ ਵਿੱਚ ਖੜ੍ਹੇ ਸਨ। ਹਮਲਾਵਰ ਨੂੰ ਹਥਿਆਰਬੰਦ ਸੁਰੱਖਿਆ ਗਾਰਡ ਨੇ ਮਾਰ ਦਿੱਤਾ। ਫਾਇਰਿੰਗ ਦੇ ਕਾਰਨ ਦਾ ਅਜੇ ਪਤਾ ਨਹੀਂ ਲੱਗਾ। ਪੁਲਸ ਅਨੁਸਾਰ ਫਾਇਰਿੰਗ 'ਚ ਜ਼ਖ਼ਮੀ ਹੋਏ 15 ਲੋਕ ਵੱਖ-ਵੱਖ ਹਸਪਤਾਲਾਂ ਵਿੱਚ ਜ਼ੇਰੇ ਇਲਾਜ ਹਨ ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਹੈ। ਫਾਇਰਿੰਗ ਦੀ ਇਹ ਵਾਰਦਾਤ ਅਮਰੀਕਾ ਦੇ ਹਾਈਵੇ ਨੰਬਰ 40 ਨੇੜੇ ਹੋਈ।

## ਪਾਕਿ 'ਚ ਸ਼ੇਰੇ-ਪੰਜਾਬ ਦੀ ਜੱਦੀ ਹਵੇਲੀ ਕਬਜ਼ਾ ਮੁਕਤ ਕਰਵਾਈ

ਲਾਹੌਰ, 21 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਗੁੱਜਰਾਂਵਾਲਾ ਪ੍ਰਸ਼ਾਸਨ ਨੇ ਕੱਲ੍ਹ ਸਖ਼ਤ ਕਾਰਵਾਈ ਕਰਦਿਆਂ ਸ਼ਹਿਰ ਦੀ ਪੁਰਾਣੀ ਸਬਜ਼ੀ ਮੰਡੀ 'ਚ ਮੌਜੂਦ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਦੇ ਬਾਹਰੀ ਹਿੱਸੇ ਨੂੰ ਕਬਜ਼ਾ ਮੁਕਤ ਕਰਵਾ ਲਿਆ ਹੈ।

ਨੌਸ਼ਹਿਰਾ ਵਿਰਕਾਂ ਵਿੱਚ ਛੇਵੀਂ ਪਾਤਸ਼ਾਹੀ ਨਾਲ ਸਬੰਧਿਤ ਗੁਰਦੁਆਰਾ ਖ਼ਾਰਾ ਸਾਹਿਬ ਅਤੇ ਗੁੱਜਰਾਂਵਾਲਾ 'ਚ ਮਹਾਂ ਸਿੰਘ ਸ਼ੁੱਕਰਚੱਕੀਆਂ ਦੀ ਸਮਾਧ ਨੂੰ ਪਿਛਲੇ ਦਿਨੀਂ ਕਬਜ਼ਾ ਮੁਕਤ ਕਰਵਾਉਣ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਵਿਖੇ ਗਏ ਡਿਪਟੀ ਕਮਿਸ਼ਨਰ ਗੁੱਜਰਾਂਵਾਲਾ ਲੈਫ਼ਟੀਨੈਂਟ (ਸੇਵਾ-ਮੁਕਤ) ਸੁਹੈਲ ਅਸ਼ਰਫ਼ ਨੇ ਦੱਸਿਆ ਕਿ ਉਕਤ ਹਵੇਲੀ ਪੰਜਾਬੀਆਂ ਅਤੇ ਵਿਸ਼ੇਸ਼ ਤੌਰ 'ਤੇ ਸਿੱਖ ਭਾਈਚਾਰੇ ਦਾ ਵਿਰਾਸਤੀ ਤੇ ਯਾਦਗਾਰੀ ਸਥਾਨ ਹੈ। ਉਨ੍ਹਾਂ ਦੱਸਿਆ ਕਿ ਹਵੇਲੀ ਦੇ ਅਗਲੇ ਹਿੱਸੇ 'ਚ ਪਿਛਲੇ ਲੰਬੇ ਸਮੇਂ ਤੋਂ ਨਾਜਾਇਜ਼ ਢੰਗ ਨਾਲ 40 ਤੋਂ ਵਧੇਰੇ ਦੁਕਾਨਾਂ ਉਸਾਰੀਆਂ ਗਈਆਂ ਸਨ, ਜਿਨ੍ਹਾਂ ਨੂੰ ਕਾਰਵਾਈ ਕਰ ਕੇ ਕੱਲ੍ਹ ਢਾਹ ਦਿੱਤਾ ਗਿਆ ਹੈ। ਹਵੇਲੀ ਨਾਲ ਦੇ ਘਰ 'ਚ ਰਹਿੰਦੇ ਪਰਵਾਰ ਨੇ ਦੱਸਿਆ ਕਿ ਸ਼ੇਰ-ਏ-ਪੰਜਾਬ ਦਾ ਜਨਮ ਸਥਾਨ ਮੌਜੂਦਾ ਸਮੇਂ ਨਸ਼ੇੜੀਆਂ ਅਤੇ ਜੁਆਰੀਆਂ ਦਾ ਅੱਡਾ ਬਣਿਆ ਹੋਇਆ ਹੈ ਅਤੇ ਇਸ ਵਿਰਸਤੀ ਸਮਾਰਕ ਦੀ ਹਾਲਤ ਅਤਿ ਖਸਤਾ ਬਣੀ ਹੋਈ ਹੈ।

## ਆਈ ਐਮ ਐਫ ਦਾ ਕਿਆਫਾ

## ਭਾਰਤ ਦੀ ਵਿਕਾਸ ਦਰ ਘਟ ਕੇ 4.8 ਫ਼ੀਸਦੀ ਰਹਿ ਜਾਵੇਗੀ




ਯੂ ਐਨ ਓ, 21 ਜਨਵਰੀ (ਪੋਸਟ ਬਿਊਰੋ)- ਕੌਮਾਂਤਰੀ ਮੁਦਰਾ ਕੋਸ਼ (ਆਈ ਐਮ ਐਫ) ਨੇ ਭਾਰਤ ਦੀ ਵਿਕਾਸ ਦਰ ਮੌਜੂਦਾ ਵਿੱਤੀ ਵਰ੍ਹੇ 'ਚ ਘੱਟ ਕੇ 4.8 ਫ਼ੀਸਦੀ ਰਹਿਣ ਦਾ ਅਨੁਮਾਨ ਲਾਇਆ ਹੈ। ਇਸ ਅਨੁਸਾਰ ਆਰਥਿਕ ਦ੍ਰਿਸ਼ ਹੋਰ ਧੁੰਦਲਾ ਹੋ ਗਿਆ ਹੈ। ਪਿਛਲੇ ਸਾਲ ਇਸ ਸਮੇਂ ਦੌਰਾਨ ਵਿਕਾਸ ਦਰ ਸਾਢੇ ਸੱਤ ਫ਼ੀਸਦੀ ਰਹਿਣ ਦਾ ਅਨੁਮਾਨ ਸੀ।

ਵਿਕਾਸ ਦਰ 'ਚ ਤਾਜ਼ਾ ਕਟੌਤੀ ਉਸ ਸਮੇਂ ਹੋਈ ਹੈ ਜਦੋਂ ਪਿਛਲੇ ਸਾਲ ਅਕਤੂਬਰ 'ਚ ਜੀ ਡੀ ਪੀ ਡਿੱਗ ਕੇ 6.1 ਫ਼ੀਸਦੀ ਰਹਿ ਗਈ ਸੀ। ਆਈ ਐਮ ਐਫ ਮੁਤਾਬਕ ਭਾਰਤੀ ਦੀ ਆਰਥਿਕ ਵਿਕਾਸ ਦਰ 2020 'ਚ 5.8 ਅਤੇ 2021 'ਚ 6.5 ਫ਼ੀਸਦੀ ਰਹਿ ਜਾਣ ਦਾ ਅਨੁਮਾਨ ਹੈ। ਭਾਰਤ 'ਚ ਜਨਮੀ ਆਈ ਐਮ ਐਫ ਦੀ ਮੁੱਖ ਅਰਥਸ਼ਾਸਤਰੀ ਗੀਤਾ ਗੋਪੀਨਾਥ ਨੇ ਕਿਹਾ ਕਿ ਗੈਰ-ਬੈਂਕਿੰਗ ਵਿੱਤੀ ਖੇਤਰ 'ਚ ਸੰਕਟ ਅਤੇ ਪੇਂਡੂ ਇਲਾਕਿਆਂ ਦੀ ਆਮਦਨ 'ਚ ਕਮਜ਼ੋਰ ਵਾਧੇ ਕਾਰਨ ਭਾਰਤ ਦੀ ਵਿਕਾਸ ਦਰ ਦਾ ਅਨੁਮਾਨ ਘਟਾਇਆ ਗਿਆ ਹੈ।

## ਕਰਜ਼ੇ ਹੇਠ ਦੱਬਿਆ ਪਾਕਿ ਆਪਣੇ ਕਬਜ਼ੇ ਵਾਲੇ ਕਸ਼ਮੀਰ ਦਾ ਕੁਝ ਹਿੱਸਾ ਚੀਨ ਨੂੰ ਸੌਂਪੇਗਾ



ਇਸਲਾਮਾਬਾਦ, 21 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਅਰਥ ਵਿਵਸਥਾ ਦੀ ਹਾਲਤ ਇੰਨੀ ਮਾੜੀ ਹੋ ਚੁੱਕੀ ਹੈ ਕਿ ਉਸ ਨੂੰ ਚੀਨ ਦੇ ਕਰਜ਼ੇ ਦੀ ਅਦਾਇਗੀ ਲਈ ਕਈ ਰਾਹ ਲੱਭਣੇ ਪੈ ਰਹੇ ਹਨ। ਇਸੇ ਅਧੀਨ ਇਹ ਡਰ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਪਾਕਿਸਤਾਨ ਆਪਣਾ ਕਰਜ਼ਾ ਉਤਾਰਨ ਲਈ ਪੀ ਓ ਕੇ ਦਾ ਕੁਝ ਹਿੱਸਾ ਚੀਨ ਨੂੰ ਸੌਂਪ ਦੇਵੇਗਾ।

ਅਸਲ ਵਿੱਚ 'ਦਿ ਯੂਰੇਸ਼ੀਅਨ ਟਾਈਮਜ਼' ਦੀ ਇੱਕ ਰਿਪੋਰਟ ਮੁਤਾਬਕ ਜੇ ਪਾਕਿਸਤਾਨ ਅਜਿਹਾ ਕਦਮ ਚੁੱਕਦਾ ਹੈ ਤਾਂ ਭਾਰਤ ਤਿੱਖਾ ਵਿਰੋਧ ਦਰਜ ਕਰਵਾਏਗਾ, ਕਿਉਂਕਿ ਸੀ ਪੀ ਈ ਸੀ ਪ੍ਰੋਜੈਕਟ ਪਹਿਲਾਂ ਹੀ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ (ਪੀ ਓ ਕੇ) ਵਿਚਲੇ ਗਿਲਗਿਤ-ਬਾਲਟਿਸਤਾਨ ਵਿੱਚੋਂ ਲੰਘਣ ਕਾਰਨ ਵਿਵਾਦਾਂ ਵਿੱਚ ਚੱਲਦਾ ਹੈ। ਜੇ ਪਾਕਿਸਤਾਨ ਨੇ ਆਪਣੇ ਕਬਜ਼ੇ ਹੇਠਲੇ ਕਸ਼ਮੀਰ ਦਾ ਕੁਝ ਹਿੱਸਾ ਚੀਨ ਕੋਲ ਗਹਿਣੇ ਰੱਖਿਆ ਤਾਂ ਭਾਰਤ ਡਟ ਕੇ ਵਿਰੋਧ ਕਰੇਗਾ।

ਮਾਹਰਾਂ ਅਨੁਸਾਰ ਸੀ ਪੀ ਈ ਸੀ ਪ੍ਰੋਜੈਕਟ ਪਾਕਿਸਤਾਨ ਲਈ 'ਕਰਜ਼ੇ ਦੇ ਅੰਨ੍ਹੇ ਖੂਹ' ਵਾਂਗ ਹੈ, ਇਸ ਦੇ ਬਾਵਜੂਦ ਪਾਕਿਸਤਾਨ ਇਸ ਪ੍ਰੋਜੈਕਟ ਵਿੱਚ ਲੱਗਾ ਹੋਇਆ ਹੈ। ਇਹੀ ਨਹੀਂ, ਇਸ ਪ੍ਰੋਜੈਕਟ ਦੀ ਸਾਰੀ ਜ਼ਿੰਮੇਵਾਰੀ ਚੀਨੀ ਕੰਪਨੀਆਂ ਕੋਲ ਹੈ। ਚੀਨੀ ਸਿਖਲਾਈ ਪ੍ਰਾਪਤ ਮਜ਼ਦੂਰਾਂ ਤੋਂ ਕੰਮ ਕਰਵਾਇਆ ਜਾਂਦਾ ਤੇ ਉਸਾਰੀ ਦਾ ਸਾਮਾਨ ਚੀਨ ਤੋਂ ਮਿਲਦਾ ਹੈ।

# ਬਹਿਬਲ ਕਾਂਡ 'ਚ ਜਾਨ ਗੁਆਉਣ ਵਾਲੇ ਭਗਵਾਨ ਸਿੰਘ ਦਾ ਬੁੱਤ ਲਾਇਆ, ਪਰ ਪਰਵਾਰ ਇਕਮੱਤ ਨਹੀਂ




ਜੈਤੋ, 21 ਜਨਵਰੀ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ 'ਚ ਜਾਨ ਗੁਆਉਣ ਵਾਲੇ ਕ੍ਰਿਸ਼ਨ ਭਗਵਾਨ ਸਿੰਘ ਦੇ ਬੁੱਤ ਦਾ ਉਦਘਾਟਨ ਕੱਲ੍ਹ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਕੁਸ਼ਲਦੀਪ ਸਿੰਘ ਢਿੱਲੋਂ ਨੇ ਕੀਤਾ ਹੈ। ਇਹ ਬੁੱਤ ਕ੍ਰਿਸ਼ਨ ਭਗਵਾਨ ਸਿੰਘ ਦੇ ਪਿੰਡ ਬਹਿਬਲ ਕਲਾਂ (ਨਿਆਮੀ ਵਾਲਾ) ਦੇ ਬੱਸ ਅੱਡੇ 'ਤੇ ਲਾਇਆ ਗਿਆ ਹੈ। ਬੁੱਤ ਦੇ ਉਦਘਾਟਨ ਮੌਕੇ ਬੁੱਤ ਨੂੰ ਤਿਆਰ ਕਰਾਉਣ ਵਾਲੇ ਕ੍ਰਿਸ਼ਨ ਭਗਵਾਨ ਸਿੰਘ ਦੇ ਮਾਤਾ ਜਸਪਾਲ ਕੌਰ ਅਤੇ ਭਰਾ ਰੇਸ਼ਮ ਸਿੰਘ ਹਾਜ਼ਰ ਸਨ, ਪਰ ਕ੍ਰਿਸ਼ਨ ਭਗਵਾਨ ਸਿੰਘ ਦੀ ਪਤਨੀ ਤੇ ਤਿੰਨਾਂ ਬੱਚਿਆਂ ਦੀ ਗ਼ੈਰ-ਹਾਜ਼ਰੀ ਬਾਰੇ ਉਨ੍ਹਾਂ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਦਾ ਕਹਿਣਾ ਸੀ ਕਿ ਇਸ ਕੰਮ ਨੂੰ ਸ਼ਲਾਘਾਯੋਗ ਤਦੇ ਕਿਹਾ ਜਾਂਦਾ ਜੇ ਇਨਸਾਫ਼ ਮਿਲ ਗਿਆ ਹੁੰਦਾ। ਅਜੇ ਤਾਂ ਸਿਰਫ਼ ਸਿਆਸਤ ਹੋ ਰਹੀ ਹੈ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਉੱਤੇ ਗਿਲਾ ਕਰਦੇ ਹੋਏ ਕਿਹਾ ਕਿ ਕਾਂਗਰਸ ਦੇ ਸੱਤਾ 'ਚ ਆਉਣ ਦੇ ਤਿੰਨ ਸਾਲਾਂ ਵਿੱਚ ਵੀ ਕਮਿਸ਼ਨ ਅਤੇ ਵਿਸ਼ੇਸ਼ ਜਾਂਚ ਟੀਮ ਦੇ ਕੰਮ ਦਾ ਹਾਲੇ ਤੱਕ ਦਾ ਨਤੀਜਾ ਸਿਫ਼ਰ ਹੈ। ਉਨ੍ਹਾਂ ਕਿਹਾ ਕਿ ਸਬੰਧਤ ਪੁਲਸ ਅਧਿਕਾਰੀ ਖੁੱਲ੍ਹੇ ਘੁੰਮਦੇ ਹਨ। ਦੂਜੇ ਪਾਸੇ ਕ੍ਰਿਸ਼ਨ ਭਗਵਾਨ ਸਿੰਘ ਦੇ ਭਰਾ ਰੇਸ਼ਮ ਸਿੰਘ ਨੇ ਕਿਹਾ ਕਿ ਨੀਂਹ ਪੱਥਰ ਦੀ ਰਸਮ ਵੇਲੇ ਉਨ੍ਹਾਂ ਆਪਣੇ ਭਰਾ ਦੇ ਪਰਵਾਰ ਨੂੰ ਸੱਦਾ ਦਿੱਤਾ ਸੀ, ਪਰ ਕੋਈ ਨਹੀਂ ਆਇਆ।

# ਸਰਕਾਰੀ ਅਧਿਆਪਕ ਖੁਦ ਕਿਸੇ ਹੋਰ ਦੀ ਜਗ੍ਹਾ ਪੇਪਰ ਦੇ ਗਿਆ

ਮੁਕਤਸਰ ਸਾਹਿਬ, 21 ਜਨਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਇਕ ਸਰਕਾਰੀ ਟੀਚਰ ਨੇ 19 ਜਨਵਰੀ ਨੂੰ ਹੋਈ ਟੈੱਟ ਪ੍ਰੀਖਿਆ ਵਿੱਚ ਕਿਸੇ ਹੋਰ ਦੀ ਜਗ੍ਹਾ ਪੇਪਰ ਦੇ ਦਿੱਤਾ ਤੇ ਖਿਸਕ ਗਿਆ, ਜਿਸ ਦਾ ਪਤਾ ਜ਼ਿਲ੍ਹਾ ਸਿੱਖਿਆ ਵਿਭਾਗ ਨੂੰ ਪੜਤਾਲ ਤੋਂ ਬਾਅਦ ਲੱਗਾ ਅਤੇ ਇਸ ਸੰਬੰਧ ਵਿੱਚ ਕਾਰਵਾਈ ਕੀਤੀ ਜਾ ਰਹੀ ਹੈ।

ਪਤਾ ਲੱਗਾ ਹੈ ਕਿ ਪਿੰਡ ਉਦੇਕਰਨ ਵਿਖੇ ਡੀ ਏ ਵੀ ਪਬਲਿਕ ਸਕੂਲ ਦੇ ਸੈਂਟਰ ਵਿੱਚ 19 ਜਨਵਰੀ ਨੂੰ ਟੈੱਟ ਦੀ ਪ੍ਰੀਖਿਆ ਹੋ ਰਹੀ ਸੀ। ਇਸ ਵਿੱਚ ਉਮੀਦਵਾਰ ਸੁਖਚੈਨ ਸਿੰਘ ਦੀ ਥਾਂ ਮਨਿੰਦਰ ਸਿੰਘ ਈ ਈ ਟੀ ਅਧਿਆਪਕ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਸੁਖੇਰਾ ਬੋਦਲਾ ਜ਼ਿਲ੍ਹਾ ਫਾਜ਼ਿਲਕਾ ਪੇਪਰ ਦੇ ਕੇ ਚਲਾ ਗਿਆ। ਉਸ ਵੇਲੇ ਚੈਕਿੰਗ ਸਟਾਫ਼ ਨੂੰ ਇਸ ਦਾ ਪਤਾ ਨਹੀਂ ਲੱਗ ਸਕਿਆ। ਇਸ ਪਿੱਛੋਂ ਸ਼ਾਮ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਗੁਪਤ ਸੂਚਨਾ ਮਿਲੀ ਕਿ ਇਕ ਸਰਕਾਰੀ ਟੀਚਰ ਕਿਸੇ ਦੀ ਜਗ੍ਹਾ ਪੇਪਰ ਦੇ ਗਿਆ ਹੈ। ਫਿਰ ਜ਼ਿਲ੍ਹਾ ਸਿੱਖਿਆ ਵਿਭਾਗ ਨੇ ਪੜਤਾਲ ਸ਼ੁਰੂ ਕਰਵਾਈ। ਜ਼ਿਲ੍ਹਾ ਸਿੱਖਿਆ ਅਫ਼ਸਰ ਮਲਕੀਤ ਸਿੰਘ ਖੋਸਾ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਸਰਕਾਰੀ ਐਲੀਮੈਂਟਰੀ ਸਕੂਲ ਸੁਖੇਰਾ ਬੋਦਲਾ ਦਾ ਈ ਈ ਟੀ ਟੀਚਰ ਮਨਿੰਦਰ ਸਿੰਘ ਕਿਸੇ ਹੋਰ ਦੀ ਥਾਂ ਟੈੱਟ ਪ੍ਰੀਖਿਆ ਦੇ ਗਿਆ ਹੈ ਤਾਂ ਉਨ੍ਹਾਂ ਨੇ ਉਸ ਦੇ ਸਕੂਲ ਜਾ ਕੇ ਪੜਤਾਲ ਕੀਤੀ। ਸਕੂਲ ਮੁਖੀ ਤੋਂ ਪਤਾ ਲੱਗਾ ਕਿ ਉਹ ਸਕੂਲ ਤੋਂ ਛੁੱਟੀ ਉੱਤੇ ਹੈ ਅਤੇ ਵਾਰ-ਵਾਰ ਫੋਨ ਕਰਨ ਉੱਤੇ ਵੀ ਫੋਨ ਨਹੀਂ ਚੁੱਕ ਰਿਹਾ। ਇਸ ਪਿੱਛੋਂ ਹੋਰ ਜਾਂਚ ਕੀਤੀ ਅਤੇ ਫੋਟੇਜ਼ ਦੀ ਚੈਕਿੰਗ ਕੀਤੀ ਤਾਂ ਪਤਾ ਲੱਗਾ ਕਿ ਉਕਤ ਟੀਚਰ ਨੇ ਸੁਖਚੈਨ ਸਿੰਘ ਪੁੱਤਰ ਜਸਕਰਨ ਸਿੰਘ ਦੀ ਥਾਂ ਪੇਪਰ ਦਿੱਤਾ ਹੈ, ਜਿਸ ਬਾਰੇ ਥਾਣਾ ਸਦਰ ਪੁਲਿਸ ਨੂੰ ਦੱਸਿਆ ਗਿਆ। ਪੁਲਸ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਮਲਕੀਤ ਸਿੰਘ ਖੋਸਾ ਵੱਲੋਂ ਦਿੱਤੀ ਸ਼ਿਕਾਇਤ ਉਤੇ ਸੁਖਚੈਨ ਸਿੰਘ ਤੇ ਮਨਿੰਦਰ ਸਿੰਘ ਈ ਈ ਟੀ ਅਧਿਆਪਕ ਦੇ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

A/Z CITY DRIVER
WANTED
INNOVATION Transportation
A/Z City Drivers Needed
Good Pay and good Mileage
Day, Afternoon & Weekend Shifts
Weekly Pay
$22 /Hour
7 Days Work • All Shifts Available
Toronto ਤੋਂ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਲਾਹੌਰ 'ਚ ਵਿਸ਼ਵ ਸ਼ਾਂਤੀ ਲਈ ਕਾਨਫਰੰਸ ਕਰਵਾਈ

ਜਲੰਧਰ, 21 ਜਨਵਰੀ (ਪੋਸਟ ਬਿਊਰੋ)- ਹਜ਼ਰਤ ਸਾਈਂ ਮੀਆਂ ਮੀਰ ਦਰਬਾਰ ਲਾਹੌਰ ਦੇ ਸੰਚਾਲਕ ਅਤੇ ਸਾਈਂ ਮੀਆਂ ਮੀਰ ਦੇ ਵੰਸ਼ ਵਿਚੋਂ ਸਾਈਂ ਸਈਦ ਅਲੀ ਰਜ਼ਾ ਗਿਲਾਨੀ ਕਾਦਰੀ ਦੇ ਯਤਨਾਂ ਸਦਕਾ ਲਾਹੌਰ 'ਚ ਵਿਸ਼ਵ ਸ਼ਾਂਤੀ ਲਈ ਵਿਸ਼ੇਸ਼ ਕਾਨਫਰੰਸ ਕਰਵਾਈ ਗਈ। ਇਸ ਦੌਰਾਨ ਪੀਰ-ਪੈਗੰਬਰਾਂ ਤੇ ਸਾਈਆਂ ਦੇ ਵੰਸ਼ ਦੇ ਮੈਂਬਰਾਂ, ਗੱਦੀਨਸ਼ੀਨਾਂ, ਵੱਖ-ਵੱਖ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਤੇ ਵਿਸ਼ਵ ਸ਼ਾਂਤੀ ਲਈ ਸੁਹਿਰਦ ਯਤਨ ਕਰਨ ਵਾਲੀਆਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ ਤੇ ਸਮਾਜ ਸੇਵਾ ਦੇ ਖੇਤਰ 'ਚ ਕੰਮ ਕਰਨ ਵਾਲੇ ਦੁਬਈ ਦੇ ਕਾਰੋਬਾਰੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਿਸ਼ਵ ਨੂੰ ਸ਼ਾਂਤੀ ਦਾ ਸੁਨੇਹਾ ਦੇਣ ਲਈ ਕਰਵਾਈ ਗਈ ਇਸ ਕਾਨਫਰੰਸ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਸਾਨੂੰ ਸਭ ਨੂੰ ਵਿਸ਼ਵ ਸ਼ਾਂਤੀ ਲਈ ਆਦਰਸ਼ ਲੈ ਕੇ ਚੱਲਣਾ ਹੋਵੇਗਾ ਤੇ ਇਹ ਆਦਰਸ਼ ਹਿੰਸਾ ਤੇ ਅਰਾਜਕਤਾ ਤੋਂ ਰਹਿਤ ਸਮਾਜ ਦਾ ਨਿਰਮਾਣ ਹੈ।

# ਡੀ ਐੱਸ ਪੀ ਸੇਖੋਂ ਦੇ ਕੇਸ ਵਿੱਚ ਮੰਤਰੀ ਆਸ਼ੂ ਤੇ ਹੋਰਨਾਂ ਨੂੰ ਹਾਈ ਕੋਰਟ ਦਾ ਨੋਟਿਸ ਜਾਰੀ

ਚੰਡੀਗੜ੍ਹ, 21 ਜਨਵਰੀ (ਪੋਸਟ ਬਿਊਰੋ)- ਫੂਡ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਲੁਧਿਆਣਾ 'ਚ ਸਰਕਾਰੀ ਜ਼ਮੀਨ ਉਤੇ ਕਬਜ਼ਾ ਕੀਤੇ ਜਾਣ ਅਤੇ ਬਿਨਾਂ ਨਿਯਮਾਂ ਦੇ ਨਿਰਮਾਣ ਕਰਨ ਦੇ ਮਾਮਲੇ ਦੀ ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਗ੍ਰਹਿ ਵਿਭਾਗ ਵੱਲੋਂ ਜਾਂਚ ਕਰਨ ਵਾਲੇ ਡੀ ਐੱਸ ਪੀ ਬਲਵਿੰਦਰ ਸਿੰਘ ਦੀ ਅਰਜ਼ੀ 'ਤੇ ਸੁਣਵਾਈ ਦੌਰਾਨ ਹਾਈ ਕੋਰਟ ਨੇ ਸਰਕਾਰ, ਪੁਲਸ ਅਤੇ ਮੰਤਰੀ ਆਸ਼ੂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

ਸਸਪੈਂਡ ਕੀਤੇ ਗਏ ਡੀ ਐਸ ਪੀ ਬਲਵਿੰਦਰ ਸਿੰਘ ਨੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਖਲ ਕਰ ਕੇ ਕਿਹਾ ਸੀ ਕਿ ਉਸ ਨੂੰ ਨਿਰਪੱਖ ਜਾਂਚ ਕਰਨ ਤੋਂ ਮੰਤਰੀ ਨੇ ਰੋਕਿਆ ਸੀ ਅਤੇ ਜਦੋਂ ਉਨ੍ਹਾਂ ਨੇ ਫੇਅਰ ਇਨਵੈਸਟੀਗੇਸ਼ਨ ਦੀ ਗੱਲ


ਡੀਐੱਸਪੀ ਬਲਵਿੰਦਰ ਸਿੰਘ ਸੇਖੋਂ

ਕਹੀ ਤਾਂ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਗਈਆਂ। ਉਸ ਘਟਨਾ ਦਾ ਆਡੀਓ ਵੀ ਵਾਇਰਲ ਹੋਇਆ ਸੀ, ਜਿਸ ਦੇ ਬਾਅਦ ਤੋਂ ਡੀ ਐੱਸ ਪੀ ਬਲਵਿੰਦਰ ਸਿੰਘ ਸੇਖੋਂ ਨੂੰ ਧਮਕੀਆਂ ਮਿਲ ਰਹੀਆਂ ਹਨ। ਉਕਤ ਧਮਕੀਆਂ ਕਾਰਨ ਡੀ ਐੱਸ ਪੀ ਸੇਖੋਂ ਨੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਖਲ ਕਰ ਕੇ ਆਪਣੀ ਸੁਰੱਖਿਆ ਦੀ ਮੰਗ ਕੀਤੀ ਸੀ।

ਡੀ ਐੱਸ ਪੀ ਬਲਵਿੰਦਰ ਸਿੰਘ ਨੇ ਇਸ ਪਟੀਸ਼ਨ ਵਿੱਚ ਕਿਹਾ ਕਿ ਜਦੋਂ ਤੋਂ ਉਹ ਸਰਕਾਰੀ ਜ਼ਮੀਨਾਂ 'ਤੇ ਕਬਜ਼ਿਆਂ ਦੀ ਜਾਂਚ ਕਰਨ ਲੱਗਾ ਹੈ, ਉਦੋਂ ਤੋਂ ਉਸ ਨੂੰ ਮਾਨਸਿਕ ਤੌਰ 'ਤੇ ਵੀ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਸ ਨੂੰ ਸਸਪੈਂਡ ਕਰ ਕੇ ਉਸ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਲਾਇਆ ਗਿਆ, ਉਸ ਦੀ ਸਰਕਾਰੀ ਪਿਸਟਲ ਅਤੇ ਸੁਰੱਖਿਆ ਵਾਪਸ ਲੈ ਲਈ ਗਈ ਅਤੇ ਉਸ ਦਾ ਸਰਕਾਰੀ ਘਰ ਖਾਲੀ ਕਰਵਾ ਲਿਆ ਗਿਆ ਹੈ। ਐਡਵੋਕੇਟ ਆਰ ਐੱਸ ਬੈਂਸ ਵੱਲੋਂ ਡੀ ਐੱਸ ਪੀ ਦੀ ਸਸਪੈਂਸ਼ਨ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਹੈ। ਦੋਵਾਂ ਪਟੀਸ਼ਨਾਂ 'ਤੇ ਇਕੱਠੀ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਪੰਜਾਬ ਸਰਕਾਰ, ਪੁਲਸ ਪ੍ਰਮੁੱਖ, ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਹੋਰ ਪ੍ਰਤੀਵਾਦੀਆਂ ਨੂੰ ਨੋਟਿਸ ਜਾਰੀ ਕੀਤਾ ਹੈ।

# ਏ ਸੀ ਪੀ ਦਾ ਰੀਡਰ ਰਿਸ਼ਵਤ ਲੈਂਦਾ ਵਿਜੀਲੈਂਸ ਵੱਲੋਂ ਗ੍ਰਿਫਤਾਰ

ਜਲੰਧਰ, 21 ਜਨਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੀ ਪੁਲਸ ਦੇ ਏ ਸੀ ਪੀ ਵੈਸਟ ਬਰਜਿੰਦਰ ਸਿੰਘ ਦੇ ਰੀਡਰ ਨੂੰ ਰਿਸ਼ਵਤ ਲੈਂਦੇ ਹੋਏ ਵਿਜੀਲੈਂਸ ਦੀ ਟੀਮ ਨੇ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਉਸ ਦੀ ਪਛਾਣ ਏ ਐੱਸ ਆਈ ਰਾਜੇਸ਼ ਕੁਮਾਰ ਦੇ ਰੂਪ ਵਿੱਚ ਹੋਈ ਹੈ। ਦੱਸਿਆ ਜਾਂਦਾ ਹੈ ਕਿ ਕਿਸੇ ਕੇਸ ਬਦਲੇ ਰੀਡਰ ਇਕ ਵਿਅਕਤੀ ਤੋਂ ਪੈਸੇ ਮੰਗ ਰਿਹਾ ਸੀ ਤੇ ਅੱਜ ਜਦੋਂ ਉਹ ਇਸ ਰੀਡਰ ਨੂੰ 5 ਹਜ਼ਾਰ ਰੁਪਏ ਦੇਣ ਆਇਆ ਤਾਂ ਵਿਜੀਲੈਂਸ ਨੇ ਰੀਡਰ ਨੂੰ ਦਬੋਚ ਲਿਆ। ਐੱਸ ਐੱਸ ਪੀ ਵਿਜੀਲੈਂਸ ਦਲਜਿੰਦਰ ਸਿੰਘ ਨੇ ਦੱਸਿਆ ਕਿ ਇਸ ਕੇਸ ਦਾ ਸ਼ਿਕਾਇਤ ਕਰਤਾ ਰਾਹੁਲ ਵਧਾਵਨ ਵਾਈਬਰੈਂਟ ਗਰੁੱਪ ਮੁੰਬਈ ਵਿਖੇ ਪ੍ਰਾਈਵੇਟ ਨੌਕਰੀ ਕਰਦਾ ਹੈ। ਉਸ ਨੇ ਆਪਣਾ ਟੂਰ ਐਂਡ ਟਰੈਵਲ ਦਾ ਕੰਮ ਏਜੰਟ ਵਜੋਂ ਆਲ ਫਲੈਗਜ਼ ਟੂਰ ਐਂਡ ਟਰੈਵਲਜ਼ ਦੇ ਨਾਮ ਹੇਠ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਪੰਜਾਬ ਪ੍ਰੀਵੈਂਸ਼ਨ ਆਫ ਟਰੈਵਲ ਪ੍ਰੋਫੈਸ਼ਨਲਸ ਰੈਗੂਲੇਸ਼ਨ ਐਕਟ ਹੇਠ ਸ਼ੁਰੂ ਕਰਨ ਲਈ ਵੀਜਾ ਕੰਸਲਟੈਂਸੀ ਲਾਈਸੈਂਸ ਲੈਣ ਲਈ ਸੁਵਿਧਾ ਸੈਂਟਰ, ਡਿਪਟੀ ਕਮਿਸ਼ਨਰ ਕੰਪਲੈਕਸ ਜਲੰਧਰ ਵਿਖੇ ਅਪਲਾਈ ਕੀਤਾ ਸੀ। ਇਸ ਦੀ ਪੁਲਸ ਜਾਂਚ ਮੁੱਖ ਅਫਸਰ ਥਾਣਾ ਡਿਵੀਜ਼ਨ ਨੰਬਰ-5 ਜਲੰਧਰ ਵਿਖੇ ਭੇਜੀ ਗਈ ਸੀ, ਜਿਨ੍ਹਾਂ ਨੇ ਰਾਹੁਲ ਵਧਾਵਨ ਦੀ ਵੈਰੀਫਿਕੇਸ਼ਨ ਪਿੱਛੋਂ ਰਿਪੋਰਟ ਏ ਸੀ ਪੀ ਜਲੰਧਰ ਵੈਸਟ ਨੂੰ ਭੇਜ ਦਿੱਤੀ। ਫਿਰ ਏ ਸੀ ਪੀ ਜਲੰਧਰ ਵੈਸਟ ਦੇ ਰੀਡਰ ਏ ਐੱਸ ਆਈ ਰਾਜੇਸ਼ ਕੁਮਾਰ ਨੇ ਰਾਹੁਲ ਨੂੰ ਬੁਲਾਇਆ ਅਤੇ ਕਿਹਾ ਕਿ ਟਰੈਵਲ ਏਜੰਸੀ ਦੇ ਲਾਇਸੈਂਸ ਦੀ ਵੈਰੀਫਿਕੇਸ਼ਨ ਉਸ ਪਾਸ ਹੈ, ਜੇ ਉਹ 5 ਹਜ਼ਾਰ ਰੁਪਏ ਦੇਵੇ ਤਾਂ ਉਹ ਪੁਲਸ ਵੈਰੀਫਿਕੇਸ਼ਨ ਉਸ ਦੇ ਹੱਕ ਵਿੱਚ ਕਰਾ ਕੇ ਭੇਜ ਦੇਵੇਗਾ, ਨਹੀਂ ਤਾਂ ਰਾਹੁਲ ਦੀ ਫਾਈਲ ਇਥੇ ਰੁਲਦੀ ਰਹਿ ਜਾਣੀ ਹੈ। ਇਸ ਪਿੱਛੋਂ ਰਾਹੁਲ ਵਧਾਵਨ ਨੇ ਉਸ ਨੂੰ ਕਿਹਾ ਕਿ ਉਸ ਨੇ ਨਵਾਂ ਕੰਮ ਸ਼ੁਰੂ ਕਰਨਾ ਹੈ, ਉਹ ਇੰਨੇ ਪੈਸੇ ਨਹੀਂ ਦੇ ਸਕਦਾ। ਸ਼ਿਕਾਇਤ ਕਰਤਾ ਦੇ ਮਿੰਨਤ ਕਰਨ ਉੱਤੇ ਏ ਐੱਸ ਆਈ ਰਾਜੇਸ਼ ਕੁਮਾਰ ਰਿਸ਼ਵਤ ਲੈਣ ਨੂੰ ਬਜਿੱਦ ਰਿਹਾ। ਅੱਜ ਉਹ ਜਦੋਂ ਪੈਸੇ ਦੇਣ ਲਈ ਰੀਡਰ ਨੂੰ ਆਇਆ ਤਾਂ ਵਿਜੀਲੈਂਸ ਟੀਮ ਅਤੇ ਥਾਣਾ ਡਿਵੀਜ਼ਨ-5 ਦੀ ਪੁਲਸ ਨੇ ਕਾਰਵਾਈ ਕਰਦੇ ਹੋਏ ਰੰਗੇ ਹੱਥੀਂ ਉਸ ਨੂੰ ਕਾਬੂ ਕਰ ਕੇ ਰਿਸ਼ਵਤ ਦੇ ਪੈਸੇ ਬਰਾਮਦ ਕਰ ਲਏ ਹਨ।

## ਪੈਟਰੋਲ ਪੰਪ ਅਤੇ ਸ਼ਰਾਬ ਦੇ ਠੇਕੇ ਲੁੱਟਣ ਵਾਲੇ ਚਾਰ ਜਣੇ ਕਾਬੂ

ਜਲੰਧਰ, 21 ਜਨਵਰੀ (ਪੋਸਟ ਬਿਊਰੋ)- ਥਾਣਾ ਭੋਗਪੁਰ ਦੀ ਪੁਲਸ ਨੇ ਪੈਟਰੋਲ ਪੰਪਾਂ ਅਤੇ ਸ਼ਰਾਬ ਦੇ ਠੇਕਿਆਂ 'ਤੇ ਖੋਹਾਂ ਕਰਨ ਵਾਲੇ ਅੰਤਰਰਾਜੀ ਗਰੋਹ ਦੇ ਚਾਰ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੋਂ ਇੱਕ ਪਿਸਤੌਲ 7.65 ਐਮ ਐਮ, ਇੱਕ ਖਿਡੌਣਾ ਪਿਸਤੌਲ ਤੇ ਸਵਿਫਟ ਕਾਰ ਬਰਾਮਦ ਕੀਤੀ ਹੈ। ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ ਪ੍ਰਿਤਪਾਲ ਸਿੰਘ ਉਰਫ਼ ਲਾਡੀ ਪੁੱਤਰ ਰਸ਼ਪਾਲ ਸਿੰਘ ਵਾਸੀ ਕੰਧਾਲਾ ਗੁਰੂ, ਅਮਨਪ੍ਰੀਤ ਸਿੰਘ ਪੁੱਤਰ ਰਜਵੰਤ ਸਿੰਘ ਵਾਸੀ ਪਿੰਡ ਘੋੜਾਵਾਹੀ, ਜਸਜੀਤ ਸਿੰਘ ਉਰਫ਼ ਜੱਸੀ ਪੁੱਤਰ ਭੁਪਿੰਦਰ ਸਿੰਘ ਵਾਸੀ ਗੜ੍ਹੀ ਬਖਸ਼ਾ ਥਾਣਾ ਭੋਗਪੁਰ ਵਜੋਂ ਹੋਈ ਹੈ।

ਇਸ ਬਾਰੇ ਐਸ ਪੀ ਜਾਂਚ ਸਰਬਜੀਤ ਸਿੰਘ ਬਾਹੀਆ ਅਤੇ ਏ ਐਸ ਪੀ ਆਦਮਪੁਰ ਅੰਕੁਰ ਗੁਪਤਾ ਨੇ ਦੱਸਿਆ ਕਿ ਸੰਦੀਪ ਸਾਗਰ ਪੁੱਤਰ ਸੁਮਨ ਕੁਮਾਰ ਵਾਸੀ ਮੁਹੱਲਾ ਅਮ੍ਰਿਤ ਵਿਹਾਰ, ਕਪੂਰਥਲਾ ਦੇ ਪੈਟਰੋਲ ਪੰਪ ਪਿੰਡ ਬੁਟਰਾਂ ਉਤੇ ਪੰਜ ਨੌਜਵਾਨ ਇੱਕ ਸਵਿਫਟ ਦੇ ਜ਼ੋਰ 'ਤੇ 17,000 ਰੁਪਏ ਨਕਦੀ ਖੋਹ ਕੇ ਲੈ ਗਏ ਸਨ, ਜਿਸ ਬਾਰੇ ਥਾਣਾ ਭੋਗਪੁਰ 'ਚ ਕੇਸ ਦਰਜ ਕੀਤਾ ਸੀ। ਇਸ ਦੀ ਜਾਂਚ ਦੌਰਾਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਤਫ਼ਤੀਸ਼ ਦੌਰਾਨ ਅਮਨਪ੍ਰੀਤ ਸਿੰਘ ਦੀ ਡੱਬ ਵਿੱਚੋਂ ਇੱਕ ਪਿਸਤੌਲ7.65 ਐਮ ਐਮ (ਲਾਇਸੈਂਸੀ), ਜਸਵੀਰ ਕੋਲੋਂ ਇੱਕ ਦਾਤਰ ਮਿਲਿਆ। ਗ੍ਰਿਫ਼ਤਾਰ ਕੀਤੇ ਦੋਸ਼ੀਆਂ ਖ਼ਿਲਾਫ਼ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਐਸ ਪੀ ਬਾਹੀਆ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਇਨ੍ਹਾਂ ਮੁਲਜ਼ਮਾਂ ਨੇ 22 ਦਸੰਬਰ 19 ਨੂੰ ਸੇਖੜੀ ਪੈਟਰੋਲ ਪੰਪ ਕਰਤਾਰਪੁਰ ਤੋਂ 28,000 ਰੁਪਏ ਅਤੇ ਮੋਬਾਈਲ ਫੋਨ ਅਤੇ ਹਜਾਰਾ ਪੈਟਰੋਲ ਪੰਪ ਤੋਂ 3000 ਰੁਪਏ ਖੋਹੇ ਸਨ ਅਤੇ ਅਕਤੂਬਰ 2019 ਦੇ ਅਖੀਰ 'ਚ ਤਲਵਾੜਾ ਹੁਸ਼ਿਆਰਪੁਰ ਠੇਕੇ ਤੋਂ 6,900 ਰੁਪਏ ਦੀ ਖੋਹ ਕੀਤੀ।

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
AVTAR UPPAL Manager
IMMIGRATION SERVICES
Visitor Visa
Super Visa
Study,Work,Visitor Extension Visa
Spousal Applications
Family Sponsorship
Permanent Residence Card Renewal
Citizenship Application
All Invitation Letters
OTHER PRACTICES
Criminal Law
Family Law
Power of Attorney
Change of Name
Notarization
Travel Consent
Affidavit
Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
Hotel • Motel • Exterior
Interior • Spray Painting
Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

## ਅਕਬਰ ਦਾ ਖੁਲਾਸਾ: ਮਹਾਤਮਾ ਗਾਂਧੀ 1947 ਵਿੱਚ 15 ਅਗਸਤ ਪਾਕਿ ਵਿੱਚ ਗੁਜ਼ਾਰਨਾ ਚਾਹੁੰਦੇ ਸਨ

ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਐਮ ਜੇ ਅਕਬਰ ਨੇ ਆਪਣੀ ਨਵੀਂ ਕਿਤਾਬ 'ਚ ਕਿਹਾ ਹੈ ਕਿ ਮਹਾਤਮਾ ਗਾਂਧੀ 15 ਅਗਸਤ 1947 ਆਜ਼ਾਦੀ ਦਾ ਪਹਿਲਾ ਦਿਨ ਪਾਕਿਸਤਾਨ 'ਚ ਗੁਜਾਰਨਾ ਚਾਹੁਦੇ ਸਨ। ਉਨ੍ਹਾਂ ਨੇ ਆਪਣੀ ਕਿਤਾਬ 'ਗਾਂਧੀ ਦਾ ਹਿੰਦੂਤਵ: ਜਿਨਾਹ ਦੇ ਇਸਲਾਮ ਦੇ ਖ਼ਿਲਾਫ਼ ਸੰਘਰਸ਼' ਵਿੱਚ ਖੁਲਾਸਾ ਕੀਤਾ ਹੈ ਕਿ ਉਨ੍ਹਾਂ (ਗਾਂਧੀ) ਦੀ ਇਹ ਭਾਵਨਾ ਬਹੁ-ਭਾਈਚਾਰਕ ਭਾਰਤ ਤੋਂ ਧਰਮ ਦੇ ਆਧਾਰ 'ਤੇ ਇੱਕ ਵੱਖਰਾ ਦੇਸ਼ ਬਣਾਉਣ ਦੇ ਪੱਖ 'ਚ ਨਹੀਂ, ਸਗੋਂ ਇਸ ਦੇ ਖ਼ਿਲਾਫ਼ ਸੀ। ਉਹ ਭਾਰਤ ਦੀ ਵੰਡ ਦੇ ਹੱਕ 'ਚ ਨਹੀਂ ਸਨ ਤੇ 'ਗੈਰ-ਕੁਦਰਤੀ' ਸਰਹੱਦਾਂ ਬਣਾਏ ਜਾਣ ਦੀ ਕਾਰਵਾਈ ਨੂੰ ਅਸਥਾਈ ਪਾਗਲਪਨ ਮੰਨਦੇ ਸਨ।

ਐਮ ਜੇ ਅਕਬਰ ਨੇ ਇਸ ਕਿਤਾਬ 'ਚ ਦੋਵੇਂ ਵਿਚਾਰਧਾਰਾਵਾਂ ਤੇ ਸਖਸ਼ੀਅਤਾਂ ਦਾ ਵਿਸਲੇਸ਼ਣ ਕੀਤਾ ਹੈ ਜਿਨ੍ਹਾਂ ਅੰਤ ਵਿੱਚ ਇਸ ਖਿੱਤੇ ਦੀ ਕਿਸਮਤ ਦਾ ਰੂਪ ਧਾਰਨ ਕਰ ਲਿਆ ਸੀ। ਉਨ੍ਹਾਂ 1940 ਤੋਂ 1947 ਦੇ ਵਿਚਕਾਰਲੇ ਸੱਤ ਸਾਲਾਂ ਦੀ ਵਿਸਫੋਟਕ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਗਲਤੀਆਂ, ਕਮੀਆਂ ਤੇ ਚੇਤੰਨ ਕਾਨੂੰਨੀ ਚਤੁਰਾਈ ਬਾਰੇ ਦੱਸਿਆ ਹੈ। ਗਾਂਧੀ ਧਰਮ-ਨਿਰਪੱਖ ਹਿੰਦੂ ਸਨ, ਜੋ ਭਾਰਤ ਨੂੰ ਸੱਭਿਅਕ ਸਦਭਾਵਨਾ ਵਾਲਾ ਦੇਸ਼ ਮੰਨਦੇ ਤੇ ਵਿਸ਼ਵਾਸ ਕਰਦੇ ਸਨ ਕਿ ਇਥੇ ਹਰ ਧਰਮ ਦਾ ਵਿਕਾਸ ਹੋ ਸਕਦਾ ਹੈ, ਪਰ ਜਿਨਾਹ ਇੱਕ ਧਾਰਮਿਕ ਵਿਸ਼ਵਾਸੀ ਦੀ ਥਾਂ ਰਾਜਨੀਤਕ ਮੁਸਲਮਾਨ ਸਨ ਜੋ ਇਸਲਾਮ ਦੇ ਨਾਂਅ 'ਤੇ ਵੱਖਰਾ ਦੇਸ਼ ਬਣਾਉਣ ਲਈ ਬਜ਼ਿਦ ਸਨ। ਜਿਨਾਹ ਦਾ ਵੰਡ ਬਾਰੇ ਭਰੋਸਾ ਦੂਸਰੀ ਜੰਗ ਸਮੇਂ ਉਸ ਦੀ ਬ੍ਰਿਟੇਨ ਨਾਲ 1940 'ਚ ਹੋਈ 'ਅਗਸਤ ਪੇਸ਼ਕਸ' ਕਾਰਨ ਸੀ, ਜਦ ਕਿ ਗਾਂਧੀ ਦੀ ਤਾਕਤ ਉਸ ਦੀ ਸਿਧਾਂਤਕ ਪ੍ਰਤਿਬੱਧਤਾ ਸੀ, ਪਰ ਅੰਤ ਵਿੱਚ ਫਿਰਕੂ ਹਿੰਸਾ ਵੰਡ ਦਾ ਕਾਰਨ ਬਣੀ ਸੀ। ਇਸ ਕਿਤਾਬ ਮੁਤਾਬਕ 31 ਮਈ 1947 ਨੂੰ ਗਾਂਧੀ ਨੇ 'ਸਰਹੱਦੀ ਗਾਂਧੀ' ਦੇ ਨਾਂਅ ਨਾਲ ਜਾਣੇ ਜਾਂਦੇ ਪਠਾਨ ਨੇਤਾ ਅਬਦੁੱਲ ਗੁਫਾਰ ਖ਼ਾਨ ਨੂੰ ਕਿਹਾ ਸੀ ਕਿ ਉਹ ਉਤਰ-ਪੱਛਮੀ ਸਰਹੱਦੀ ਸੂਬੇ ਦਾ ਦੌਰਾ ਕਰਨਾ ਚਾਹੁੰਦੇ ਹਨ ਤੇ ਆਜ਼ਾਦੀ ਬਾਅਦ ਪਾਕਿਸਤਾਨ 'ਚ ਹੀ ਰਹਿਣਾ ਚਾਹੁੰਦੇ ਹਨ।

# ਬਿਜਲੀ ਮੁੱਦੇ ਉੱਤੇ ਕੈਬਨਿਟ ਮੰਤਰੀ ਰੰਧਾਵਾ ਵੱਲੋਂ ਅਕਾਲੀ ਦਲ ਉੱਤੇ ਤਿੱਖਾ ਹਮਲਾ

### * ਰਾਜ ਸਰਕਾਰ ਦੇ ਵਾਈਟ ਪੇਪਰ ਤੋਂ ਪਹਿਲਾਂ 'ਬਲੈਕ ਪੇਪਰ' ਜਾਰੀ




ਚੰਡੀਗੜ੍ਹ, 21 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਨੌਂ ਵਿਧਾਇਕਾਂ ਨੇ ਅੱਜ ਅਕਾਲੀ ਦਲ ਦੀ ਪਿਛਲੀ ਸਰਕਾਰ ਵੇਲੇ ਹੋਏ ਬਿਜਲੀ ਸਮਝੌਤਿਆਂ ਨਾਲ ਪੰਜਾਬ ਦੇ ਲੋਕਾਂ ਨਾਲ ਹੋਏ ਧੋਖੇ ਬਾਰੇ ਕਈ ਤੱਥ ਪੇਸ਼ ਕੀਤੇ ਹਨ। ਅਕਾਲੀ ਦਲ ਵੱਲੋਂ ਗਵਰਨਰ ਪੰਜਾਬ ਨੂੰ ਦਿੱਤੇ ਮੈਮੋਰੰਡਮ ਨੂੰ ਝੂਠ ਦਾ ਪਲੰਦਾ ਦੱਸ ਕੇ ਉਨ੍ਹਾਂ ਕਿਹਾ ਕਿ ਸਾਲ 2006 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਬਣੀ ਬਿਜਲੀ ਨੀਤੀ ਪਿੱਛੋਂ ਅਕਾਲੀ-ਭਾਜਪਾ ਸਰਕਾਰ ਨੇ ਨਿੱਜੀ ਲੋੜਾਂ ਖਾਤਰ ਬਦਲ ਦਿੱਤੀ ਤੇ 25 ਸਾਲ ਲਈ ਅਜਿਹੀ ਨਵੀਂ ਨੀਤੀ ਬਣਾਈ ਕਿ ਅੱਜ ਪੰਜਾਬ ਦੇ ਲੋਕ ਮਹਿੰਗੀ ਬਿਜਲੀ ਦਾ ਬੋਝ ਝੱਲ ਰਹੇ ਹਨ। ਉਨ੍ਹਾਂ ਬਿਜਲੀ ਦੇ ਮੁੱਦੇ ਉੱਤੇ ਪਿਛਲੀ ਸਰਕਾਰ ਵਿਚ 10 ਸਾਲਾਂ ਵਿੱਚ ਬਿਜਲੀ ਵਿਭਾਗ ਦੇ ਇੰਚਾਰਜ ਰਹੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਕਿਸੇ ਵੀ ਪਲੇਟਫਾਰਮ ਉੱਤੇ ਖੁੱਲ੍ਹੀ ਬਹਿਸ ਦਾ ਸੱਦਾ ਦਿੱਤਾ ਹੈ।

ਅੱਜ ਮੰਗਲਵਾਰ ਨੂੰ ਆਪਣੇ ਦਫ਼ਤਰ ਵਿੱਚ ਨੌਂ ਵਿਧਾਇਕਾਂ ਦੀ ਹਾਜ਼ਰੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅਕਾਲੀ ਦਲ ਦੇ ਬੀਜੇ ਕੰਡੇ ਕਾਂਗਰਸ ਸਰਕਾਰ ਨੂੰ ਚੁਗਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਨੇ ਨਿੱਜੀ ਲਾਭ ਖਾਤਰ 25 ਸਾਲਾਂ ਦੀ ਅਜਿਹੀ ਨਵੀਂ ਨੀਤੀ ਬਣਾਈ ਕਿ ਲੋਕ ਮਹਿੰਗੀ ਬਿਜਲੀ ਦਾ ਬਿੱਲ ਭਰ ਰਹੇ ਹਨ। ਰੰਧਾਵਾ ਦੇ ਦੱਸਣ ਅਨੁਸਾਰ ਸਾਲ 2006 ਵਿਚ ਕਾਂਗਰਸ ਸਰਕਾਰ ਦੀ ਬਣਾਈ ਨੀਤੀ ਅਨੁਸਾਰ ਰਾਜ ਵਿੱਚ ਵੱਧ ਤੋਂ ਵੱਧ 2000 ਮੈਗਾਵਾਟ ਬਿਜਲੀ ਵਾਲੇ ਪ੍ਰਾਜੈਕਟ ਹੀ ਲੱਗ ਸਕਦੇ ਸਨ ਤੇ ਕੋਈ ਪ੍ਰਾਜੈਕਟ 1000 ਮੈਗਾਵਾਟ ਤੋਂ ਵੱਧ ਸਮਰੱਥਾ ਵਾਲਾ ਨਹੀਂ ਸੀ ਲੱਗ ਸਕਦਾ। ਓਦੋਂ 540 ਮੈਗਾਵਾਟ ਦੇ ਗੋਇੰਦਵਾਲ ਪਾਵਰ ਪਲਾਂਟ ਦਾ ਸਮਝੌਤਾ ਕੀਤਾ ਸੀ। ਦੂਸਰੇ ਫੈਸਲੇ ਅਨੁਸਾਰ ਕੋਲਾ ਵੀ ਝਾਰਖੰਡ ਦੇ ਪਛਵਾੜਾ ਵਿਖੇ ਆਪਣੀ ਕੋਲਾ ਖਾਣ ਤੋਂ ਖਰੀਦਣਾ ਤੈਅ ਹੋਇਆ ਸੀ। ਰੰਧਾਵਾ ਨੇ ਕਿਹਾ ਕਿ 2007 ਤੋਂ ਪਿੱਛੋਂ ਅਕਾਲੀ ਸਰਕਾਰ ਨੇ 4000 ਮੈਗਾਵਾਟ ਦੇ ਸਮਝੌਤੇ ਕਰ ਲਏ ਅਤੇ ਪੰਜਾਬ ਨੂੰ ਦੂਜੀ ਵੱਡੀ ਮਾਰ ਆਪਣੀ ਕੋਲਾ ਖਾਣ ਦੀ ਥਾਂ ਕੋਲ ਇੰਡੀਆ ਤੋਂ ਕੋਲ ਖਰੀਦਣ ਦਾ ਫ਼ੈਸਲਾ ਕਰ ਕੇ ਮਾਰੀ, ਜਿਹੜਾ ਬੜਾ ਮਹਿੰਗਾ ਪੈਣਾ ਸੀ। ਉਨ੍ਹਾਂ ਸਾਫ ਕਿਹਾ ਕਿ ਮਨਮੋਹਨ ਸਿੰਘ ਦੇ ਸਮੇਂ ਗੁਜਰਾਤ ਵੱਲੋਂ ਬਿਜਲੀ ਨੀਤੀ ਬਣਾਈ ਗਈ ਤੇ ਅਕਾਲੀ ਸਰਕਾਰ ਨੇ ਗੁਜਰਾਤ ਨੀਤੀ ਨੂੰ ਹੀ ਅਪਣਾਇਆ। ਉਨ੍ਹਾਂ ਕਿਹਾ ਕਿ ਗੁਜਰਾਤ ਨੀਤੀ ਵਿੱਚ ਧਾਰਾ 9 ਅਤੇ 11 ਹੇਠ ਪੰਜਾਬ ਦਾ ਲਾਭ ਕਰਨ ਵਾਲੀਆਂ ਮੱਦਾਂ ਨੂੰ ਵੀ ਨਿੱਜੀ ਲਾਭਾਂ ਲਈ ਬਾਹਰ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਧਾਰਾ 9 ਅਨੁਸਾਰ ਕਿਸੇ ਪਾਵਰ ਪਲਾਂਟ ਤੋਂ ਬਿਜਲੀ ਖਰੀਦਣ ਤੋਂ ਇਨਕਾਰ ਕੀਤਾ ਜਾ ਸਕਦਾ ਸੀ, ਪਰ ਅਕਾਲੀ ਸਰਕਾਰ ਨੇ ਇਹ ਮੱਦ ਸ਼ਾਮਲ ਨਹੀਂ ਕੀਤੀ ਤੇ ਧਾਰਾ 11 ਖਤਮ ਕਰ ਕੇ 100 ਫ਼ੀਸਦੀ ਬਿਜਲੀ ਖ਼ਰੀਦਣ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਨੇ ਆਪਣੇ ਉਪਰ ਲੈ ਲਈ ਅਤੇ ਨਾ ਖਰੀਦਣ ਦੀ ਸੂਰਤ ਵਿਚ ਫਿਕਸ ਚਾਰਜ ਦੇਣੇ ਮੰਨ ਲਏ ਸਨ। ਰੰਧਾਵਾ ਨੇ ਕਿਹਾ ਕਿ ਮਾਰਚ 2017 ਤਕ ਅਕਾਲੀ ਸਰਕਾਰ ਨੇ ਫਿਕਸ ਚਾਰਜ ਵਜੋਂ 6553 ਕਰੋੜ ਰੁਪਏ ਪਾਵਰ ਪਲਾਂਟਾਂ ਨੂੰ ਦਿੱਤੇ ਸਨ, ਜਿਸ ਦੀ ਸੁਖਬੀਰ ਸਿੰਘ ਬਾਦਲ ਨੂੰ ਸਫਾਈ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਗਲੇ 25 ਸਾਲ ਇਨ੍ਹਾਂ ਅਕਾਲੀ ਸਰਕਾਰ ਦੇ ਸਮਝੌਤਿਆਂ ਬਦਲੇ 65 ਹਜ਼ਾਰ ਕਰੋੜ ਰੁਪਏ ਫਿਕਸ ਚਾਰਜ ਦੇਣੇ ਪੈਣਗੇ, ਜਦੋਂ ਕਿ ਇਨ੍ਹਾਂ ਪਾਵਰ ਪਲਾਂਟਾਂ ਦੇ ਲਈ ਕੁੱਲ 25 ਹਜ਼ਾਰ ਕਰੋੜ ਰੁਪਏ ਖਰਚ ਹੋਏ ਸਨ।

ਕੈਬਨਿਟ ਮੰਤਰੀ ਰੰਧਾਵਾ ਨੇ ਕਿਹਾ ਕਿ ਸਾਬਕਾ ਉਪ ਮੁੱਖੀ ਮੰਤਰੀ ਸੁਖਬੀਰ ਸਿੰਘ ਬਾਦਲ ਨਿੱਜੀ ਪਾਵਰ ਪਲਾਂਟ ਤੋਂ 2.80 ਰੁਪਏ ਪ੍ਰਤੀ ਯੂਨਿਟ ਬਿਜਲੀ ਖਰੀਦਣ ਦੀ ਗੱਲ ਕਰਦੇ ਅਤੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਵਿੱਚ ਪੰਜਾਬ ਦੇ ਲੋਕਾਂ ਨੂੰ 6.39 ਰੁਪਏ ਪ੍ਰਤੀ ਯੂਨਿਟ ਦੇਣ ਦੀ ਗੱਲ ਕਹਿੰਦੇ ਹਨ। ਏਦਾਂ 3.60 ਰੁਪਏ ਪ੍ਰਤੀ ਯੂਨਿਟ ਦੇ ਫਰਕ ਬਾਰੇ ਵੀ ਉਹ ਲੋਕਾਂ ਨੂੰ ਦੱਸ ਦੇਣ। ਉਨ੍ਹਾਂ ਕਿਹਾ ਕਿ 2014 ਤੋਂ ਸਤੰਬਰ 2016 ਤਕ ਅਕਾਲੀ ਸਰਕਾਰ ਨੇ ਬਿਜਲੀ ਦੀ ਪੂਰੀ ਮੰਗ ਦੌਰਾਨ ਪੰਜਾਬ ਦੇ ਬਾਹਰੋਂ 13,822 ਕਰੋੜ ਰੁਪਏ ਦੀ ਬਿਜਲੀ ਖਰੀਦੀ, ਜਿਹੜੀ 3.34 ਤੋਂ 3.41 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਪੈਂਦੀ ਸੀ, ਪਰ ਪੰਜਾਬ ਦੇ ਪ੍ਰਾਈਵੇਟ ਪਾਵਰ ਪਲਾਂਟਾਂ ਤੋਂ 5.18 ਤੋਂ 6 ਰੁਪਏ ਯੂਨਿਟ ਦੇ ਹਿਸਾਬ ਖ਼ਰੀਦੀ ਸੀ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਪੰਜਾਬੀਆਂ ਨੂੰ ਦੱਸਣ ਕਿ ਜੇ ਬਾਹਰੀ ਰਾਜਾਂ ਤੋਂ ਸਸਤੀ ਬਿਜਲੀ ਮਿਲ ਸਕਦੀ ਸੀ ਤਾਂ ਏਥੇ ਪ੍ਰਾਈਵੇਟ ਪਾਵਰ ਪਲਾਂਟ ਬਣਾਉਣ ਦਾ ਕੀ ਲਾਭ ਹੋਇਆ।


**CELLNTELL DISTRIBUTION INC**
**1-401 Traders Blvd E, Mississauga. ON**

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- Free valuation & Lowest Commission
- We Help to get mortgage
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA, Broker, 416.319.0551
BHUPENDRA DHILLON, Sales Representative, 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000 off with this flyer on New Basement
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1 SECURITY SERVICES
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- Forklift Driver
- Millwright's
- AZ-DZ Drivers
- Machine Mechanic
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Each Office Independently Owned & Operated
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## ਪ੍ਰਤਿਭਾ ਹੈ ਤਾਂ ਕੰਮ ਮਿਲੇਗਾ : ਹਿਨਾ ਖਾਨ



ਸੀਰੀਅਲ 'ਯੇ ਰਿਸ਼ਤਾ ਕਯਾ ਕਹਿਲਾਤਾ ਹੈ' ਵਿੱਚ ਅੱਠ ਸਾਲ ਕੰਮ ਕਰਨ ਦੇ ਬਾਅਦ ਹਿਨਾ ਖਾਨ ਨੇ ਡਿਜੀਟਲ ਪਲੇਟਫਾਰਮ ਅਤੇ ਫਿਲਮਾਂ ਦੀ ਰਾਹ ਫੜੀ ਹੈ। ਉਸ ਦੀਆਂ ਦੋ ਫਿਲਮਾਂ 'ਹੈਕਡ' ਅਤੇ 'ਕੰਟਰੀ ਆਫ ਬਲਾਇੰਡ' ਜਲਦੀ ਰਿਲੀਜ਼ ਹੋਣਗੀਆਂ। ਡਿਜੀਟਲ 'ਤੇ ਉਹ 'ਡੈਮੇਜਡ 2' ਵੈੱਬ ਸ਼ੋਅ ਵਿੱਚ ਨਜ਼ਰ ਆਏਗੀ। ਪੇਸ਼ ਹਨ ਹਿਨਾ ਖਾਨ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਕੀ ਲੱਗ ਰਿਹਾ ਹੈ ਕਿ ਸਾਲਾਂ ਦੀ ਮਿਹਨਤ ਰੰਗ ਲਿਆ ਰਹੀ ਹੈ?

- ਜਿਸ ਸ਼ੋਅ ਨੇ ਮੈਨੂੰ ਪਛਾਣ ਦਿੱਤੀ, ਉਸ ਸ਼ੋਅ ਨੂੰ ਮੈਂ ਆਪਣੇ ਕਰੀਅਰ ਦੇ ਅੱਠ ਸਾਲ ਦਿੱਤੇ। ਲੱਗਦਾ ਹੈ ਕਿ ਉਸ ਸ਼ੋਅ ਤੋਂ ਨਿਕਲਣ ਦਾ ਫੈਸਲਾ ਥੋੜ੍ਹਾ ਪਹਿਲਾਂ ਲੈਣਾ ਚਾਹੀਦਾ ਸੀ। ਪਹਿਲਾਂ ਕਲਾਕਾਰਾਂ ਦਾ ਕਰੀਅਰ ਤੀਹ ਤੋਂ 35 ਸਾਲ ਦਾ ਹੁੰਦਾ ਸੀ। ਅੱਜਕੱਲ੍ਹ ਅਜਿਹਾ ਨਹੀਂ। ਕਲਾਕਾਰਾਂ ਦਾ ਕਰੀਅਰ ਪਹਿਲਾਂ ਦੇ ਮੁਕਾਬਲੇ ਘਟ ਕੇ 10-12 ਸਾਲ ਉਤੇ ਆ ਗਿਆ ਹੈ। ਇਸ ਵਿੱਚੋਂ ਅੱਠ ਸਾਲ ਇੱਕੋ ਸ਼ੋਅ ਨੂੰ ਦੇਣਾ ਲੰਬਾ ਵਕਤ ਸੀ। ਮੇਰੇ ਖਿਆਲ ਵਿੱਚ ਟੀ ਵੀ ਸ਼ੋਅ ਤਿੰਨ-ਚਾਰ ਸਾਲ ਤੋਂ ਵੱਧ ਨਹੀਂ ਕਰਨਾ ਚਾਹੀਦਾ। ਲੰਬੇ ਸ਼ੋਅ ਕਰਨ ਨਾਲ ਸਿਹਤ 'ਤੇ ਵੀ ਅਸਰ ਪੈਂਦਾ ਹੈ। ਪੈਸਾ ਬੇਸ਼ੱਕ ਕਿੰਨਾ ਵੀ ਮਿਲ ਜਾਏ, ਪਰ ਸਰੀਰ ਨੂੰ ਬ੍ਰੇਕ ਦੇਣਾ ਵੀ ਜ਼ਰੂਰੀ ਹੈ। ਜੇ ਪ੍ਰਤਿਭਾ ਹੈ ਤਾਂ ਕੰਮ ਮਿਲੇਗਾ । ਉਹੀ ਮੇਰੇ ਨਾਲ ਵੀ ਹੋਇਆ।

* ਡਿਜੀਟਲ 'ਤੇ 'ਡੈਮੇਜਡ 2' ਨਾਲ ਡੈਬਿਊ ਕਰ ਰਹੇ ਹੋ। ਕੀ ਕੋਈ ਨਵੇਂ ਨਿਯਮ ਬਣਾਏ ਹਨ ਵੈਬ ਦੇ ਕੰਮ ਲਈ?

- ਕੋਈ ਨਿਯਮ ਨਹੀਂ। ਮੇਰੇ ਕੋਲ ਮੌਕੇ ਹਨ। ਜਦ ਮੈਂ 'ਯੇ ਰਿਸ਼ਤਾ ਕਯਾ ਕਹਿਲਾਤਾ ਹੈ' ਵਿੱਚ ਅਕਸ਼ਰਾ ਦੇ ਕਿਰਦਾਰ ਦੀ ਐਡੀਸ਼ਨ ਦੇਣ ਗਈ ਤਾਂ ਮੈਨੂੰ ਉਸ ਰੋਲ ਲਈ ਪਹਿਲਾਂ ਚੈਨਲ ਨੇ ਨਾਂਹ ਕਰ ਦਿੱਤਾ ਸੀ। ਉਨ੍ਹਾਂ ਨੂੰ ਲੱਗਾ ਕਿ ਮੈਂ ਨੈਗੇਟਿਵ ਰੋਲ ਬਿਹਤਰ ਕਰ ਸਕਦੀ ਹਾਂ। ਅੱਗੇ ਜੋ ਹੋਇਆ, ਸਾਰਿਆਂ ਦੇ ਸਾਹਮਣੇ ਹੈ। ਅੱਜ ਮੇਰੇ ਕੋਲ ਪ੍ਰੋਜੈਕਟ ਹਨ, ਉਨ੍ਹਾਂ ਵਿੱਚ ਮੈਨੂੰ ਲੋਕ ਵੱਖਰੇ ਅੰਦਾਜ਼ ਵਿੱਚ ਦੇਖਣਗੇ। ਮੈਂ ਨੈਗੇਟਿਵ, ਰੋਮਾਂਸ ਸਭ ਕੁਝ ਸਕਦੀ ਹਾਂ। ਕਲਾਕਾਰ ਦੇ ਚਿਹਰੇ ਤੋਂ ਨਹੀਂ, ਉਸ ਦੀ ਪ੍ਰਫਾਰਮੈਂਸ ਤੋਂ ਉਸ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਮੈਨੂੰ ਅਸਥਮਾ ਹੈ। ਮੈਂ ਜੀਵਨ ਵਿੱਚ ਕਦੇ ਸਿਗਰਟ ਨੂੰ ਹੱਥ ਤੱਕ ਨਹੀਂ ਲਾਇਆ, ਇਸ ਸ਼ੋਅ ਲਈ ਸਿਗਰਟ ਨੂੰ ਹੱਥ ਵਿੱਚ ਫੜ ਕੇ ਰੱਖ ਸਕਦੀ ਸਾਂ, ਮੈਂ ਨਹੀਂ ਕੀਤਾ, ਕਿਉਂਕਿ ਮੈਂ ਝੂਠੀ ਪ੍ਰਫਾਰਮੈਂਸ ਵਿੱਚ ਯਕੀਨ ਨਹੀਂ ਰੱਖਦੀ।

* ਕਈ ਲੋਕ ਟੀ ਵੀ ਨੂੰ ਪਿਛੜਿਆ ਹੋਇਆ ਮੰਨਦੇ ਹਨ। ਤੁਹਾਡਾ ਕੀ ਮੰਨਣਾ ਹੈ?

-ਟੀ ਵੀ ਨੂੰ ਇਕੱਲੇ ਜ਼ਿੰਮੇਵਾਰ ਠਹਿਰਾਉਣਾ ਸਹੀ ਨਹੀਂ। ਦਰਸ਼ਕ ਵੀ ਟੀ ਵੀ ਉਤੇ ਉਨ੍ਹਾਂ ਸ਼ੋਅਜ਼ ਨੂੰ ਦੇਖ ਰਹੇ ਹਨ। ਟੀ ਆਰ ਪੀ ਨੂੰ ਦੇਖ ਕੇ ਸ਼ੋਅ ਬਣਾਏ ਜਾਂਦੇ ਹਨ। ਜੇ ਉਹ ਅਜਿਹੇ ਸ਼ੋਅ ਨਾ ਦੇਖਣ ਤਾਂ ਉਹ ਨਾ ਬਣਨਗੇ। ਜਿੱਦਾਂ ਦੀ ਡਿਮਾਂਡ ਹੁੰਦੀ ਹੈ, ਉਹੋ ਜਿਹੀ ਸਪਲਾਈ ਹੋਵੇਗੀ।

* ਵਿਕਰਮ ਭੱਟ ਦੀ 'ਹੈਕਡ' ਫਿਲਮ ਵਿੱਚ ਕੰਮ ਕਰ ਰਹੇ ਹੋ। ਅਕਸਰ ਤੁਸੀਂ ਟ੍ਰੋਲਰਜ਼ ਦੇ ਨਿਸ਼ਾਨੇ 'ਤੇ ਰਹਿੰਦੇ ਹੋ। ਕਿਵੇਂ ਦੂਰ ਰੱਖ ਪਾਉਂਦੇ ਹੋ ਸੋਸ਼ਲ ਮੀਡੀਆ ਦੀ ਨਕਾਰਾਤਮਕਤਾ ਤੋਂ ਖੁਦ ਨੂੰ?

- ਹਰ ਦੂਸਰੇ-ਤੀਸਰੇ ਦਿਨ ਮੇਰੇ ਫੋਨ 'ਤੇ ਮੈਸੇਜ ਆਉਂਦਾ ਹੈ ਕਿ ਮੇਰੇ ਸੋਸ਼ਲ ਮੀਡੀਆ ਅਕਾਊਂਟ ਨੂੰ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹੈਕਰਜ਼ ਜੀਵਨ ਨੂੰ ਕਿਵੇਂ ਬਰਬਾਦ ਕਰ ਸਕਦੇ ਹਨ, ਉਹ ਫਿਲਮ ਉਸੀ ਦੀ ਗੱਲ ਕਰਦੀ ਹੈ। ਜਿੱਥੋਂ ਤੱਕ ਗੱਲ ਹੈ ਟ੍ਰੋਲਰਜ਼ ਦੀ, ਡੇਢ ਸਾਲ ਤੋਂ ਮੈਨੂੰ ਟਰੋਲ ਨਹੀਂ ਕੀਤਾ ਗਿਆ। ਮੈਂ ਸੋਸ਼ਲ ਮੀਡੀਆ ਪ੍ਰਤੀ ਆਪਣਾ ਅਪ੍ਰੋਚ ਹੀ ਬਦਲ ਦਿੱਤਾ ਹੈ। ਅੱਜਕੱਲ੍ਹ ਮੈਂ ਆਪਣੇ ਕੰਮ ਨਾਲ ਕੰਮ ਰੱਖਦੀ ਹਾਂ।

* ਟੀ ਵੀ, ਸਿਨੇਮਾ ਦੇ ਬਾਅਦ ਡਿਜੀਟਲ ਪਲੇਟਫਾਰਮ ਆਉਣ 'ਤੇ ਕਿਸ ਤਰ੍ਹਾਂ ਦੀਆਂ ਚੁਣੌਤੀਆਂ ਵਧ ਰਹੀਆਂ ਹਨ?

- ਮਾਧਿਅਮ ਵਧਣ ਨਾਲ ਕਲਾਕਾਰਾਂ ਲਈ ਮੌਕੇ ਵਧ ਰਹੇ ਹਨ। ਮੈਂ ਟੀ ਵੀ ਤੋਂ ਸ਼ੁਰੂਆਤ ਕੀਤੀ ਸੀ, ਪਰ ਮੈਂ ਕੇਵਲ ਟੀ ਵੀ ਤੱਕ ਸੀਮਿਤ ਨਹੀਂ ਹਾਂ। ਡਿਜੀਟਲ 'ਤੇ ਵੀ ਬਹੁਤ ਸਾਰੇ ਪਲੇਟਫਾਰਮ ਹਨ। ਬਹੁਤ ਸਾਰਾ ਕੰਟੈਂਟ ਬਣ ਸਕਦਾ ਹੈ। ਹਰ ਤਰ੍ਹਾਂ ਦੇ ਕਲਾਕਾਰ ਲਈ ਕੰਮ ਹੈ।

* ਇੰਡੋ-ਅਮੈਰੀਕਨ ਫਿਲਮ 'ਕੰਟਰੀ ਆਫ ਬਲਾਈਂਡ' ਵਿੱਚ ਤੁਸੀਂ ਅੰਨ੍ਹੀ ਲੜਕੀ ਦਾ ਕਿਰਦਾਰ ਨਿਭਾ ਰਹੇ ਹੋ। ਉਨ੍ਹਾਂ ਦੀ ਜ਼ਿੰਦਗੀ ਨੂੰ ਕਿੰਨਾ ਸਮਝ ਸਕੇ ਹੋ?

- ਮੇਰੇ ਕੁਝ ਫੈਨਸ ਬਲਾਈਂਡ ਸਕੂਲ ਤੋਂ ਵੀ ਹਨ। ਉਹ ਮੇਰਾ ਸ਼ੋਅ ਸੁਣਦੇ ਸਨ। ਉਹ ਮੈਨੂੰ ਸੀਰੀਅਲ ਦੇ ਸੈੱਟ 'ਤੇ ਵੀ ਮਿਲਣ ਆਏ ਹਨ। ਭਾਵੇਂ ਉਨ੍ਹਾਂ ਦੀ ਇੱਕ ਇੰਦਰੀ ਕੰਮ ਨਾ ਕਰੇ, ਪਰ ਉਨ੍ਹਾਂ ਦੀਆਂ ਬਾਕੀ ਇੰਦਰੀਆਂ ਬਹੁਤ ਮਜ਼ਬੂਤ ਹੋ ਜਾਂਦੀਆਂ ਹਨ। ਇਸ ਫਿਲਮ ਵਿੱਚ ਹਰ ਕੋਈ ਨੇਤਰਹੀਣ ਹੈ। ਮੈਨੂੰ ਅਹਿਸਾਸ ਹੋਇਆ ਕਿ ਨੇਤਰਹੀਣ ਉਨ੍ਹਾਂ ਲੋਕਾਂ ਨਾਲੋਂ ਬਹੁਤ ਬਿਹਤਰ ਹਨ, ਜੋ ਦੁਨੀਆ ਦੇਖ ਸਕਦੇ ਹਨ।

## ਹਿਮੇਸ਼ ਦੀ ਫਿਲਮ 'ਦ ਐਕਸਪੋਜ਼' ਦਾ ਬਣੇਗਾ ਸੀਕਵਲ



ਇਸ ਸਾਲ ਕਈ ਫਿਲਮਾਂ ਦੀ ਸੀਕਵਲ ਰਿਲੀਜ਼ ਹੋਣ ਦੀ ਕਤਾਰ ਵਿੱਚ ਹਨ। ਇਨ੍ਹਾਂ ਵਿੱਚ 'ਦੋਸਤਾਨਾ 2', 'ਸੜਕ 2', 'ਸ਼ੁਭ ਮੰਗਲ ਜ਼ਿਆਦਾ ਸਾਵਧਾਨ', 'ਭੂਲ ਭੁਲੱਈਆਂ 2', 'ਹੰਗਾਮਾ 2' ਵਰਗੀਆਂ ਫਿਲਮਾਂ ਸ਼ਾਮਲ ਹਨ। ਇਸ ਲਿਸਟ ਵਿੱਚ ਹਿਮੇਸ਼ ਰੇਸ਼ਮੀਆ ਦੀ ਫਿਲਮ 'ਦ ਐਕਸਪੋਜ਼' ਦਾ ਨਾਂਅ ਵੀ ਜੁੜ ਗਿਆ ਹੈ। ਸਾਲ 2014 ਵਿੱਚ ਰਿਲੀਜ਼ ਹੋਈ ਫਿਲਮ ਵਿੱਚ 'ਦ ਐਕਸਪੋਜ਼' ਦਾ ਨਿਰਮਾਣ ਹਿਮੇਸ਼ ਦੀ ਪ੍ਰੋਡਕਸ਼ਨ ਕੰਪਨੀ ਨੇ ਕੀਤਾ ਸੀ। ਫਿਲਮ ਦਾ ਨਿਰਦੇਸ਼ਨੇ ਅਨੰਤ ਮਹਾਦੇਵਨ ਨੇ ਕੀਤਾ ਸੀ। 'ਦ ਐਕਸਪੋਜ਼' ਪਿਛਲੀ ਸਦੀ ਦੇ ਛੇਵੇਂ ਦਹਾਕੇ ਵਿੱਚ ਸੈਟ ਸੀ। ਹਿਮੇਸ਼ ਨੇ ਫਿਲਮ ਵਿੱਚ ਸਸਪੈਂਡ ਪੁਲਸ ਅਧਿਕਾਰੀ ਦਾ ਕਿਰਦਾਰ ਨਿਭਾਇਆ ਸੀ, ਜੋ ਅੱਗੇ ਚੱਲ ਕੇ ਅਭਿਨੇਤਾ ਬਣ ਜਾਂਦਾ ਹੈ। ਇਸ ਕਿਰਦਾਰ ਦੇ ਨਾਲ ਕਹਾਣੀ ਸੀਕਵਲ ਵਿੱਚ ਅੱਗੇ ਵਧੇਗੀ। ਇਸ ਦੀ ਪੁਸ਼ਟੀ ਖੁਦ ਹਿਮੇਸ਼ ਨੇ ਕੀਤੀ ਹੈ। ਉਸ ਨੇ ਕਿਹਾ, 'ਦ ਐਕਸਪੋਜ਼ 2' ਉੱਤੇ ਕੰਮ ਕਰ ਰਹੇ ਹਾਂ। ਇਹ ਫਿਲਮ ਪਿਛਲੀ ਸਦੀ ਦੇ ਸੱਤਵੇਂ ਦਹਾਕੇ 'ਤੇ ਆਧਾਰਤ ਹੋਵੇਗੀ। ਓਦੋਂ ਦੀਆਂ ਫਿਲਮਾਂ ਦੇ ਸੁਪਰ ਸਟਾਰ ਦੀਆਂ ਕਈ ਮਹਿਲਾ ਪ੍ਰਸ਼ੰਸਕ ਹੁੰਦੀਆਂ ਹਨ। ਜਦ ਉਸ ਸੁਪਰ ਸਟਾਰ ਦਾ ਵਿਆਹ ਹੁੰਦਾ ਹੈ ਤਾਂ ਕਈ ਪ੍ਰਸ਼ੰਸਕ ਲੜਕੀਆਂ ਆਪਣੀ ਜਾਨ ਦੇ ਦਿੰਦੀਆਂ ਹਨ। ਉਨ੍ਹਾਂ ਵਿੱਚੋਂ ਇੱਕ ਲੜਕੀ ਦਾ ਕਤਲ ਹੁੰਦਾ ਹੈ, ਪਰ ਉਸ ਨੂੰ ਆਤਮ ਹੱਤਿਆ ਕਰਾਰ ਦੇ ਦਿੱਤਾ ਜਾਂਦਾ ਹੈ।

ਹਿਮੇਸ਼ ਰੇਸ਼ਮੀਆ ਕਹਿੰਦੇ ਹਨ ਕਿ ਉਹ ਉਸ ਦੌਰ ਦੇ ਕਿਸੇ ਸੁਪਸ ਸਟਾਰ ਦਾ ਨਾਂਅ ਨਹੀਂ ਲੈ ਸਕਦੇ ਕਿ ਕਹਾਣੀ ਕਿਸ ਤੋਂ ਪ੍ਰੇਰਿਤ ਹੈ। ਇਹ ਸਿਰਫ ਇੱਕ ਕਾਲਪਨਿਕ ਕਹਾਣੀ ਹੋਵੇਗੀ, ਜਦੋ ਅਸਲ ਘਟਨਾਵਾਂ ਤੋਂ ਪਰੇਰਿਤ ਹੋਵੇਗੀ। ਇਹ ਥ੍ਰਿਲਰ ਫਿਲਮ ਹੋਵੇਗੀ। ਰਵੀ ਕੁਮਾਰ ਦੇ ਇਲਾਵਾ ਫਿਲਮ ਦੇ ਬਾਕੀ ਸਾਰੇ ਕਿਰਦਾਰ ਨਵੇਂ ਹੋਣਗੇ। ਹਿਮੇਸ਼ ਰੇਸ਼ਮੀਆ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਦੂਸਰੀਆਂ ਫਿਲਮਾਂ ਵਾਂਗ 'ਦ ਐਕਸਪੋਜ਼ 2' ਦਾ ਸੰਗੀਤ ਵੀ ਬਹੁਤ ਅਲੱਗ ਹੋਵੇਗਾ।

## '83' ਦੇ ਬਾਅਦ 'ਜਯੇਸ਼ਭਾਈ ਜੋਰਦਾਰ' ਵਿੱਚ ਦਿਖਾਈ ਦੇਣਗੇ ਬੋਮਨ ਇਰਾਨੀ



'ਜਯੇਸ਼ਭਾਈ ਜੋਰਦਾਰ' ਵਿੱਚ ਰਣਵੀਰ ਸਿੰਘ ਪਹਿਲੀ ਵਾਰ ਗੁਜਰਾਤੀ ਵਿਅਕਤੀ ਦਾ ਕਿਰਦਾਰ ਨਿਭਾ ਰਹੇ ਹਨ। ਇਸ ਫਿਲਮ ਨਾਲ ਬੋਮਨ ਇਰਾਨੀ ਵੀ ਜੁੜ ਗਏ ਹਨ। ਇਹ ਦੂਸਰੀ ਵਾਰ ਹੈ, ਜਦ ਬੋਮਨ ਰਣਵੀਰ ਸਿੰਘ ਦੇ ਨਾਲ ਕੰਮ ਕਰ ਰਹੇ ਹਨ। ਇਸ ਤੋਂ ਪਹਿਲਾਂ ਦੋਵਾਂ ਨੇ ਇਕੱਠੇ '83' ਫਿਲਮ ਦੀ ਸ਼ੂਟਿੰਗ ਖਤਮ ਕੀਤੀ ਹੈ। ਇਸ ਵਿੱਚ ਬੋਮਨ ਸਾਬਕਾ ਕ੍ਰਿਕਟਰ ਅਤੇ ਕੁਮੈਂਟੇਟਰ ਫਾਰੂਖ ਇੰਜੀਨੀਅਰ ਦਾ ਕਿਰਦਾਰ ਨਿਭਾਅ ਰਹੇ ਹਨ, ਜਦ ਕਿ ਫਿਲਮ 'ਜਯੇਸ਼ਭਾਈ ਜੋਰਦਾਰ' ਵਿੱਚ ਉਹ ਰਣਵੀਰ ਸਿੰਘ ਦੇ ਪਿਤਾ ਦੇ ਕਿਰਦਾਰ ਵਿੱਚ ਹੋਣਗੇ।

ਬੋਮਨ ਦਾ ਕਹਿਣਾ ਹੈ ਕਿ ਪਿਤਾ-ਪੁੱਤਰ ਦਾ ਇਹ ਰਿਸ਼ਤਾ ਬਹੁਤ ਦਿਲਚਸਪ ਹੋਵੇਗਾ। ਇਹ ਅਨੋਖੀ ਸਕ੍ਰਿਪਟ ਹੈ, ਜੋ ਮਨੋਰੰਜਨ ਤੇ ਹਾਸੇ ਨਾਲ ਤੁਹਾਨੂੰ ਸੋਚਣ 'ਤੇ ਮਜਬੂਰ ਕਰੇਗਾ। ਬੋਮਨ ਦਾ ਕਹਿਣਾ ਹੈ ਕਿ ਰਣਵੀਰ ਬਹੁਤ ਰਚਨਾਤਮਕ ਹੈ। ਹਰ ਸੀਨ ਵਿੱਚ ਉਸ ਦੀ ਪ੍ਰਫਾਰਮੈਂਸ ਦਾ ਦਮ ਨਜ਼ਰ ਆਉਂਦਾ ਹੈ। ਫਿਲਮ ਦਾ ਨਿਰਦੇਸ਼ਨ ਦਿਵਿਆਂਸ਼ ਠੱਕਰ ਨੇ ਕੀਤਾ ਹੈ। ਫਿਲਮ ਦੀ ਕਹਾਣੀ ਗੁਜਰਾਤ ਦੀ ਹੈ। ਇਸ ਤੋਂ ਪਹਿਲਾਂ 'ਮੇਡ ਇਨ ਚਾਈਨਾ' ਵਿੱਚ ਬੋਮਨ ਈਰਾਨੀ ਗੁਜਰਾਤੀ ਡਾਕਟਰ ਦਾ ਕਿਰਦਾਰ ਨਿਭਾਅ ਚੁੱਕੇ ਹਨ। ਫਿਲਮ ਦੇ ਲਈ ਰਣਵੀਰ ਨੇ ਆਪਣਾ ਭਾਰ ਵੀ ਘੱਟ ਕੀਤਾ ਹੈ। ਫਿਲਮ ਵਿੱਚ ਉਹ ਮਹਿਲਾ ਸ਼ਕਤੀਕਰਨ ਦੀ ਗੱਲ ਕਰਦੇ ਨਜ਼ਰ ਆਉਣਗੇ।

## ਮੇਰਾ ਕਦੇ ਕਿਸੇ ਨਾਲ ਪੰਗਾ ਨਹੀਂ ਹੋਇਆ : ਜੱਸੀ ਗਿੱਲ

ਪੰਜਾਬ ਦੇ ਮਸ਼ਹੂਰ ਗਾਇਕ ਜੱਸੀ ਗਿੱਲ ਦੀ ਐਕਟਰ ਵਜੋਂ ਬਾਲੀਵੁੱਡ ਦੀ ਦੂਸਰੀ ਫਿਲਮ 'ਪੰਗਾ' ਆਉਣ ਵਾਲੀ ਹੈ। ਫਿਲਮ ਵਿੱਚ ਉਸ ਨੇ ਕੰਗਨਾ ਰਣੌਤ ਦੇ ਪਤੀ ਦਾ ਕਿਰਦਾਰ ਨਿਭਾਇਆ ਹੈ। ਇਸ ਤੋਂ ਪਹਿਲਾਂ ਜੱਸੀ 'ਹੈਪੀ ਫਿਰ ਭਾਗ ਜਾਏਗੀ' ਵਿੱਚ ਦਿਸੇ ਸਨ। ਪੇਸ਼ ਹਨ ਜੱਸੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਤੁਹਾਡਾ ਅਸਲੀ ਨਾਂਅ ਜਸਵੀਰ ਸਿੰਘ ਗਿੱਲ ਹੈ, ਫਿਰ ਜੱਸੀ ਨਾਂਅ ਕਿਵੇਂ ਪਿਆ?

- ਜਿਸ ਤਰ੍ਹਾਂ ਨਿਕਨੇਮ ਹੁੰਦਾ ਹੈ, ਉਸੇ ਤਰ੍ਹਾਂ ਗਿੱਲ ਮੇਰਾ ਛੋਟਾ ਨਾਂਅ ਹੈ। ਜਦ ਮੈਂ ਗਾਉਣਾ ਸ਼ੁਰੂ ਕੀਤਾ, ਤਦ ਦੋਸਤ ਅਤੇ ਮਾਤਾ-ਪਿਤਾ ਪਿਆਰ ਨਾਲ ਮੈਨੂੰ ਜੱਸੀ ਨਾਂਅ ਨਾਲ ਬੁਲਾਉਣ ਲੱਗੇ। ਬਾਕੀ ਮੇਰੇ ਸਰਟੀਫਿਕੇਟਾਂ 'ਤੇ ਮੇਰਾ ਨਾਂਅ ਜਸਵੀਰ ਸਿੰਘ ਗਿੱਲ ਹੀ ਹੈ। ਪੰਜਾਬ ਵਿੱਚ ਜ਼ਿਆਦਾਤਰ ਅਜਿਹੇ ਹੀ ਦੋ ਨਾਂਅ ਹੁੰਦੇ ਹਨ।

* 'ਪੰਗਾ' ਵਿੱਚ ਤੁਹਾਡਾ ਕਰੈਕਟਰ ਕਿਹੋ ਜਿਹਾ ਹੈ? ਕੰਗਨਾ ਦੇ ਨਾਲ ਕੰਮ ਕਰਨ ਨੂੰ ਲੈ ਕੇ ਕੋਈ ਝਿਜਕ ਜਾਂ ਕਿਸੇ ਤਰ੍ਹਾਂ ਦੀ ਐਕਸਾਈਟਮੈਂਟ ਸੀ?

- ਫਿਲਮ ਵਿੱਚ ਮੇਰਾ ਸਪੋਰਟਿਵ ਕਰੈਕਟਰ ਹੈ, ਜੋ ਕੰਗਨਾ ਦਾ ਪਤੀ ਬਣਿਆ ਹੈ ਅਤੇ ਵਿਆਹ ਦੇ ਬਾਅਦ ਉਸ ਦੇ ਸੁਫਨੇ ਪੂਰੇ ਕਰਨ ਵਿੱਚ ਸਪੋਰਟ ਕਰਦਾ ਹੈ। ਪਰਵਾਰ ਵਿੱਚ ਅਸੀਂ ਤਿੰਨ ਜੀਅ ਹਾਂ, ਮੈਂ, ਮੇਰੀ ਪਤਨੀ ਅਤੇ ਬੱਚਾ। ਸਪੈਸ਼ਲੀ ਮੈਂ ਤੇ ਮੇਰਾ ਬੱਚਾ ਕੰਗਨਾ ਨੂੰ ਸਪੋਰਟ ਕਰਦੇ ਹਾਂ ਤਾਂ ਕਿ ਉਹ ਸਪੋਰਟ ਵਿੱਚ ਆਪਣਾ ਸੁਫਨੇ ਨੂੰ ਪੂਰਾ ਕਰ ਸਕੇ। ਬਾਕੀ ਰਿਹਾ ਕੰਗਨਾ ਨਾਲ ਕੰਮ ਕਰਨਾ ਦਾ ਤਜਰਬਾ ਬਹੁਤ ਵਧੀਆ ਰਿਹਾ। ਮੈਂ ਉਨ੍ਹਾਂ ਦੀ ਬਹੁਤ ਰਿਸਪੈਕਟ ਕਰਦਾ ਹਾਂ। ਲਿਹਾਜ਼ਾ ਜਦ ਇੰਨੇ ਵੱਡੇ ਸਟਾਰ ਦੇ ਨਾਲ ਕੰਮ ਕਰਦੇ ਹੋ ਤਾਂ ਕੁਝ ਨਾ ਕੁਝ ਝਿਜਕ ਤਾਂ ਹੁੰਦੀ ਹੀ ਹੈ।

* ਤੁਸੀਂ ਰੀਅਲ ਲਾਈਫ ਵਿੱਚ ਵੀ ਬੇਟੀ ਦੇ ਪਿਤਾ ਹੋ। ਆਪਣੀਆਂ ਜ਼ਿੰਮੇਵਾਰੀਆਂ ਨੂੰ ਕਿਸ ਤਰ੍ਹਾਂ ਨਿਭਾਉਂਦੇ ਹੋ?

- ਪਹਿਲਾਂ ਤਾਂ ਦੱਸਣਾ ਚਾਹਾਂਗਾ ਕਿ ਮੇਰੇ ਮਾਤਾ-ਪਿਤਾ ਨੇ ਸਾਨੂੰ ਭੈਣ-ਭਰਾਵਾਂ ਨੂੰ ਕਿਸੇ ਚੀਜ਼ ਲਈ ਕਦੇ ਰੋਕਿਆ-ਟੋਕਿਆ ਨਹੀਂ। ਮੇਰੀ ਪਤਨੀ ਦੇ ਨਾਲ ਮੇਰਾ ਇਸ ਤਰ੍ਹਾਂ ਨਾਲ ਸਪੋਰਟ ਹੈ ਕਿ ਉਹ ਜੋ ਕਰਨਾ ਚਾਹੁੰਦੀ ਹੈ, ਉਹ ਕਰੇ। ਕੋਈ ਰੋਕ-ਟੋਕ ਨਹੀਂ ਹੈ। ਉਹ ਪਹਿਲਾਂ ਐਮ ਬੀ ਕਰ ਚੁੱਕੀ ਹੈ। ਉਨ੍ਹਾਂ ਨੂੰ ਇੰਨੇ ਸਪੋਰਟ ਦੀ ਜ਼ਰੂਰਤ ਨਹੀਂ ਹੈ। ਉਹ ਵੀ ਫੈਮਿਲੀ ਦੇ ਨਾਲ ਕੈਨੇਡਾ ਵਿੱਚ ਹੀ ਰਹਿੰਦੀ ਹੈ। ਬੇਟੀ ਅਜੇ ਇੱਕ ਸਾਲ ਦੀ ਹੀ ਹੈ।

* 'ਹੈਪੀ ਫਿਰ ਭਾਗ ਜਾਏਗੀ' ਵਿੱਚ ਸੋਨਾਕਸ਼ੀ ਸਿਨਹਾ ਅਤੇ ਜਿੰਮੀ ਸ਼ੇਰਗਿਲ ਦੇ ਨਾਲ ਕੰਮ ਕਰਨ ਦੀ ਕੋਈ ਦਿਲਚਸਪ ਗੱਲ ਸ਼ੇਅਰ ਕਰੋਗੇ?

- ਸੋਨਾਕਸ਼ੀ ਤੇ ਜਿੰਮੀ ਨਾਲ ਕੰਮ ਕਰਨ ਦਾ ਤਜਰਬਾ ਬਹੁਤ ਵਧੀਆ ਰਿਹਾ। ਸਪੈਸ਼ਲੀ ਜਿੰਮੀ ਦੇ ਨਾਲ ਤਾਂ ਹੋਰ ਵਧੀਆ ਤਜਰਬਾ ਰਿਹਾ। ਅਸੀਂ ਦੋਵੇਂ ਪੰਜਾਬ ਤੋਂ ਹਾਂ। ਉਨ੍ਹਾਂ ਨੇ ਮੈਨੂੰ ਬਹੁਤ ਸਪੋਰਟ ਕੀਤਾ। ਸ਼ੂਟਿੰਗ ਦੌਰਾਨ ਇੰਝ ਲੱਗਦਾ ਸੀ ਕਿ ਮੈਂ ਉਨ੍ਹਾਂ ਦਾ ਛੋਟਾ ਭਰਾ ਹਾਂ।

* ਸੈੱਟ ਦੀ ਕੋਈ ਗੱਲ ਸ਼ੇਅਰ ਕਰਨਾ ਚਾਹੋਗੇ?

- ਇਸ ਦੀ ਸ਼ੂਟਿੰਗ ਅਸੀਂ ਭੋਪਾਲ ਅਤੇ ਦਿੱਲੀ ਵਿੱਚ ਕੀਤੀ। ਭੋਪਾਲ ਵਿੱਚ ਰੇਲਵੇ ਟਰੈਕ 'ਤੇ ਅਤੇ ਜਿੱਥੇ ਡੱਬੇ ਬਣਦੇ ਹਨ, ਉਥੇ ਸ਼ੂਟਿੰਗ ਕੀਤੀ। ਇਸ ਫਿਲਮ ਦੇ ਕਾਰਨ ਜ਼ਿੰਦਗੀ ਵਿੱਚ ਪਹਿਲੀ ਵਾਰ ਇਹ ਸਭ ਦੇਖਣ ਦਾ ਮੌਕਾ ਮਿਲਿਆ। ਕਿਉਂਕਿ ਫੈਮਿਲੀ ਸਟੋਰੀ ਹੈ, ਸੈੱਟ 'ਤੇ ਵੀ ਫੈਮਿਲੀ ਵਾਂਗ ਮਾਹੌਲ ਰਿਹਾ। ਸੈੱਟ 'ਤੇ ਬੱਚਾ ਸਾਰਿਆਂ ਨਾਲ ਮਸਤੀ ਕਰਦਾ ਸੀ। ਉਹ ਬੜਾ ਵਧੀਆ ਅਨੁਭਵ ਰਿਹਾ। ਇਸ ਦੀ ਸ਼ੂਟਿੰਗ ਹੋਏ ਨੂੰ ਡੇਢ ਸਾਲ ਹੋ ਗਏ, ਅਜਿਹੀ ਕੋਈ ਹੋਰ ਗੱਲ ਯਾਦ ਨਹੀਂ।

* ਤੁਹਾਡੀ ਫਿਲਮ ਦਾ ਟਾਈਟਲ 'ਪੰਗਾ' ਹੈ। ਰੀਅਲ ਲਾਈਫ ਵਿੱਚ ਕਦੇ ਕਿਸੇ ਨਾਲ ਪੰਗਾ ਲਿਆ ਹੈ?

- ਮੈਨੂੰ ਇੰਡਸਟਰੀ ਵਿੱਚ ਅੱਠ-ਨੌਂ ਸਾਲ ਕੰਮ ਕਰਦੇ ਨੂੰ ਹੋ ਗਏ ਹਨ। ਪਹਿਲਾਂ ਪੰਜਾਬ ਇੰਡਸਟਰੀ ਅਤੇ ਅੱਜ ਬਾਲੀਵੁੱਡ ਵਿੱਚ ਕੰਮ ਕਰ ਰਿਹਾ ਹਾਂ। ਮੈਨੂੰ ਜੋ ਵੀ ਮਿਲਿਆ, ਆਪਣੇ ਕੰਮ ਨਾਲ ਮਿਲਿਆ ਹੈ। ਕਦੇ ਕਿਸੇ ਨਾਲ ਪੰਗਾ ਨਹੀਂ ਪਿਆ ਤੇ ਨਾ ਕਿਸੇ ਨੂੰ ਮੈਂ ਬੁਰਾ-ਭਲਾ ਕਿਹਾ ਹੈ। 'ਪੰਗਾ' ਆਪਣੇ ਕੰਮ ਨਾਲ ਹੈ, ਇਹ ਖੁਦ ਨਾਲ ਖੁਦ ਦੇ ਲਈ ਚੈਲੇਂਜ ਲੈਣ ਵਾਂਗ ਹੈ। ਬਾਕੀ ਮੇਰੀ ਪਰਵਰਿਸ਼ ਅਜਿਹੀ ਰਹੀ ਕਿ ਇਨ੍ਹਾਂ ਚੀਜ਼ਾਂ ਤੋਂ ਦੂਰ ਰੱਖਿਆ ਗਿਆ।



